

# ਕਣਕ ਦੀ ਬੱਲੀ



ਬਲਵੰਤ ਗਾਰਗੀ

# ਕਣਕ ਦੀ ਬੱਲੀ





## ਲੇਖਕ ਦੀਆਂ ਹੋਰ ਪੁਸਤਕਾਂ

| | | |
|---|---|---|
| ਨਾਟਕ | : | ਲੋਹਾ ਕੁੱਟ, ਸੈਲ ਪੱਥਰ, ਨਵਾਂ ਮੁੱਢ, ਕੇਸਰੋ, ਕਣਕ ਦੀ ਬੱਲੀ, ਸੋਹਣੀ ਮਹੀਂਵਾਲ, ਧੂਣੀ ਦੀ ਅੱਗ, ਗਗਨ ਮੈ ਥਾਲੁ, ਸੁਲਤਾਨ ਰਜ਼ੀਆ, ਸੌਂਕਣ, ਮਿਰਜ਼ਾ ਸਾਹਿਬਾਂ, ਅਭਿਸਾਰਿਕਾ, ਬਲਦੇ ਟਿੱਬੇ। |
| ਇਕਾਂਗੀ | : | ਕੁਆਰੀ ਟੀਸੀ, ਪੱਤਣ ਦੀ ਬੇੜੀ, ਚਾਕੂ, ਪੈਂਤੜੇਬਾਜ਼। |
| ਨਾਵਲ | : | ਕੱਕਾ ਰੇਤਾ। |
| ਕਹਾਣੀ | : | ਮਿਰਚਾਂ ਵਾਲਾ ਸਾਧ, ਡੁਲ੍ਹੇ ਬੇਰ, ਕਾਲਾ ਅੰਬ। |
| ਖੋਜ | : | ਰੰਗਮੰਚ, ਲੋਕ-ਨਾਟਕ, ਪੰਜਾਬ ਦੇ ਮਹਾਨ ਕਲਾਕਾਰ। |
| ਲੇਖ | : | ਸ਼ਰਬਤ ਦੀਆਂ ਘੁੱਟਾਂ, ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਹੁਸੀਨ ਚਿਹਰੇ। |
| ਜਾਤਰਾ | : | ਪਾਤਾਲ ਦੀ ਧਰਤੀ। |
| ਸ੍ਵੈ-ਜੀਵਨੀ ਨਾਵਲ | : | ਨੰਗੀ ਧੁੱਪ, ਕਾਸ਼ਨੀ ਵਿਹੜਾ। |

KANAK DI BALLI

by BALWANT GARGI

NAVYUG PUBLISHERS
K-24, Hauz Khas, New Delhi-110016
http://navyug.publishers.tripod.com

All rights reserved. No part of this Publication may be reproduced or transmitted in any form or by any means without prior permission in writing from both the Author and Publisher.

© 2013

ISBN 81-85267-51-0

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-110 016

ਛਾਪਕ : ਆਈ.ਵਾਈ.ਐਨ. ਗ੍ਰਾਫ਼ਿਕਸ
ਦਰਿਆ ਗੰਜ, ਨਵੀਂ ਦਿੱਲੀ-110 002

ਮੁੱਲ : 75/- ਰੁਪਏ

# ਕਣਕ ਦੀ ਬੱਲੀ

ਬਲਵੰਤ ਗਾਰਗੀ

ਨਵਯੁਗ



ਮਾਸਟਰ ਹਰੀ ਕਿਸ਼ਨ
ਨੂੰ
ਜੋ ਮੇਰੇ ਤੇ ਓ. ਪੀ. ਸ਼ਰਮਾ ਦੇ
ਸਾਹਿਤਕ ਗੁਰੂ ਸਨ

"ਕਣਕ ਦੀ ਬੱਲੀ" ਪਹਿਲੇ ਪਹਿਲ ਦਿੱਲੀ ਆਰਟ ਥੀਏਟਰ ਨੇ 1959 ਵਿਚ ਖੇਡਿਆ । ਪੰਜਾਬ ਵਿਚ ਥਾਂ ਥਾਂ ਇਸ ਦੇ ਪਰਦਰਸ਼ਨ ਹੋਏ । ਦੁਬਾਰਾ ਮੈਂ ਇਸ ਨੂੰ ਸੋਧਿਆ ਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਦੇ ਨਾਟ-ਮੰਡਲ ਨੇ ਇਸ ਨੂੰ 1966 ਵਿਚ ਪੇਸ਼ ਕੀਤਾ ।

# ਨਾਟਕ ਬਾਰੇ

ਇਹ ਨਾਟਕ ਪੰਜਾਬ ਵਿਚ ਥਾਂ ਥਾਂ ਖੇਡਿਆ ਗਿਆ ਹੈ। ਇਸ ਦਾ ਅਨੁਵਾਦ ਅੰਗਰੇਜ਼ੀ, ਰੂਸੀ ਤੇ ਜਾਪਾਨੀ ਵਿਚ ਵੀ ਹੋਇਆ। 1966 ਵਿਚ ਮੈਂ ਇਸ ਨੂੰ ਸੋਧ ਕੇ ਅਮਰੀਕਾ ਦੇ ਗੋਲ ਮੰਚ ਉਤੇ ਖੇਡਿਆ। ਇਸ ਮੰਚ ਦੇ ਚਾਰੇ ਪਾਸੇ ਲੋਕ ਬੈਠੇ ਸਨ। ਲੱਕੜ ਦਾ ਇਹ ਗੋਲ ਮੰਚ ਹੀ ਸਭ ਕੁਝ ਸੀ: ਨਿਹਾਲੀ ਦਾ ਘਰ, ਮੇਲਾ, ਗਲੀ, ਮੱਘਰ ਦੀ ਹਵੇਲੀ, ਮਾੜੂ ਦਾ ਵਿਹੜਾ। ਕੋਈ ਦ੍ਰਿਸ਼-ਸੱਜਾ ਨਹੀਂ ਸੀ ਵਰਤੀ ਗਈ। ਦੋ ਨਟੀਆਂ ਕਾਲੇ ਵਸਤਰ ਪਾਈ ਇਕ ਪਾਸੇ ਬੈਠੀਆਂ ਸਨ — ਨਾਟਕ ਦੀਆਂ ਸੇਵਾਦਾਰਨੀਆਂ। ਉਹ ਉਥੇ ਮੌਜੂਦ ਸਨ, ਪਰ ਨਾਟਕ ਦੇ ਕਾਰਜ ਦੀਆਂ ਭਾਗੀ ਨਹੀਂ ਸਨ। ਲੋੜ ਪੈਣ ਉਤੇ ਉਹ ਫੇਰੇ ਵਿਚ ਮੰਚ-ਸਾਮੱਗਰੀ ਟਿਕਾ ਕੇ ਜਾਂ ਚੁੱਕ ਕੇ ਆਪਣੀ ਨੀਯਤ ਥਾਂ ਜਾ ਬੈਠਦੀਆਂ। ਨਾਟਕ ਦਾ ਕਾਰਜ ਅਟੁਟ ਚਲਦਾ ਰਹਿੰਦਾ।

ਝਾਕੀ ਬਦਲਣ ਲਈ ਚਾਨਣ-ਪ੍ਰਭਾਵ ਤੋਂ ਕੰਮ ਲਿਆ ਗਿਆ। ਹਨੇਰੇ ਦਾ ਇਕ ਝਪਕਾ ਦੇ ਕੇ ਦੂਜਾ ਦ੍ਰਿਸ਼ ਸ਼ੁਰੂ ਹੋ ਜਾਂਦਾ। ਸਾਰਾ ਨਾਟਕ ਇਕੋ ਸਾਹ ਖੇਡਿਆ ਗਿਆ। ਸਿਰਫ਼ ਮਧ ਵਿਚ — ਦੂਜਾ ਐਕਟ, ਪਹਿਲੀ ਝਾਕੀ ਪਿਛੋਂ — ਦਸ ਮਿੰਟ ਦਾ ਵਿਸਰਾਮ ਸੀ। ਇਸ ਤਰ੍ਹਾਂ ਮੈਂ ਨਾਟਕ ਦੇ ਕਾਰਜ ਦੀ ਗਤੀ ਨੂੰ ਤੇਜ਼ ਰੱਖ ਸਕਿਆ। ਸੀਨ ਬਦਲਣ, ਪਰਦੇ ਚੁੱਕਣ ਤੇ ਡੇਗਣ ਅਤੇ ਦ੍ਰਿਸ਼-ਸੱਜਾ ਦੇ ਭਿੰਨ ਭਿੰਨ ਪ੍ਰਦਰਸ਼ਨ ਕਰਨ ਦੀ ਅਨਾਟਕੀ ਖੇਚਲ ਤੋਂ ਬਚ ਗਿਆ। ਸਾਰੇ ਦ੍ਰਿਸ਼-ਅਸਥਾਨ ਤੇ ਬਦਲਦੀਆਂ ਸਥਿਤੀਆਂ ਕਲਾਕਾਰਾਂ ਦੇ ਅਭਿਨਯ ਦੁਆਰਾ ਪ੍ਰਗਟਾਈਆਂ ਗਈਆਂ।

ਪੰਜਾਬ ਵਿਚ ਕਈ ਨਿਰਦੇਸ਼ਕਾਂ ਨੇ "ਕਣਕ ਦੀ ਬੱਲੀ" ਸਟੇਜ ਕਰਨ ਲਗਿਆਂ ਅਸਲੀ ਸ਼ਰਾਬ ਦੀ ਬੋਤਲ ਤੇ ਜਿਊਂਦਾ ਤੋਤਾ ਵਰਤਿਆ। ਇਸ ਨਾਲ ਨਾਟਕ ਦੇ ਕਲਾਤਮਕ ਭਾਵ ਨੂੰ ਸੱਟ ਲੱਗੀ। ਇਕ ਨਿਰਦੇਸ਼ਕ ਨੇ ਮੰਚ ਉਤੇ ਅਸਲੀ ਤੋਤਾ ਤੇ ਪਿੰਜਰਾ ਲਿਆਂਦਾ। ਤਾਰੋ ਤੋਤੇ ਨਾਲ ਗੱਲਾਂ ਕਰਦੀ ਹੈ। ਇਕ ਕਰੁਣਾ-ਮਈ ਦ੍ਰਿਸ਼ ਵਿਚ ਜਦ ਉਹ ਤੋਤੇ ਦੇ ਖੰਭ ਪਲੋਸਣ ਲੱਗੀ ਹੈ ਤਾਂ ਤੋਤੇ ਨੇ ਉਸ ਦੀ ਉਂਗਲ ਉਤੇ ਦੰਦੀ ਵੱਢ ਲਈ। ਜ਼ਖ਼ਮੀ ਅਭਿਨੇਤਰੀ ਦੇ ਹੱਥੋਂ ਪਿੰਜਰਾ ਡਿੱਗ ਪਿਆ। ਤੋਤਾ ਟੀਂ ਟੀਂ ਕਰਨ ਲੱਗਾ ਤੇ ਗੰਭੀਰ ਦੁਖਾਂਤ ਇਕ ਘਟੀਆ ਹਾਸੋਹੀਣੀ ਗੱਲ ਬਣ ਕੇ ਰਹਿ ਗਿਆ। ਉਸ ਨਿਰਦੇਸ਼ਕ ਨੂੰ ਇਹ ਨਹੀਂ ਸੀ ਪਤਾ ਕਿ ਮੰਚ ਉਤੇ ਨਕਲੀ ਤੋਤਾ ਜਿਊਂਦੇ ਤੋਤੇ ਨਾਲੋਂ ਵਧੇਰੇ ਸਫ਼ਲ ਹੁੰਦਾ ਹੈ।

ਚੂੜੀਆਂ ਚੜ੍ਹਾਉਣ ਲੱਗੇ ਬਚਨੇ ਨੂੰ ਅਸਲੀ ਚੂੜੀਆਂ ਨਹੀਂ ਚੜ੍ਹਾਉਣੀਆਂ ਚਾਹੀਦੀਆਂ ਕਿਉਂਕਿ ਇਹਨਾਂ ਦੇ ਟੁੱਟਣ ਤੇ ਮੰਚ ਉਤੇ ਖਿੰਡਣ ਨਾਲ ਅਭਿਨੇਤਾਵਾਂ ਦੇ ਪੈਰਾਂ ਵਿਚ ਚੁੱਭਣ ਦਾ ਖ਼ਤਰਾ ਹੈ। ਜਦੋਂ ਤਾਰੋ ਚੂੜੀ ਦੇ ਤਿੜਕਣ ਉਤੇ ਕੱਚ ਦੇ ਖਿੰਡੇ ਹੋਏ ਟੋਟੇ ਚੁਗਦੀ ਹੈ ਤਾਂ ਉਹ ਸਿਰਫ਼ ਕਾਲਪਨਿਕ ਕੱਚ ਦੇ ਜ਼ੱਰੇ ਚੁਗ ਰਹੀ ਹੈ। ਉਸ ਦੀ ਤਿੱਖੀ ਕਲਾ-ਸੂਝ ਇਹਨਾਂ ਜ਼ੱਰਿਆਂ ਨੂੰ ਇਸ ਯਥਾਰਥਕ ਢੰਗ ਨਾਲ ਚੁਗਦੀ ਹੈ ਕਿ ਅਸਲੀ ਉਹ ਜਾਪਦੇ ਹਨ। ਇਸੇ ਤਰ੍ਹਾਂ ਜਦੋਂ ਠਾਕਰੀ ਝੰਡੂ ਦੇ ਹੱਥਾਂ ਵਿਚ ਬਾਸੀ ਕੜਾਹ ਸੁੱਟਦੀ ਹੈ ਤਾਂ ਉਹ ਵੀ ਕਾਲਪਨਿਕ ਹੈ। ਝੰਡੂ ਕੜਾਹ ਨੂੰ ਇਸ ਤਰ੍ਹਾਂ ਬੋਚਦਾ ਹੈ ਜਿਵੇਂ ਸੱਚ ਮੁੱਚ ਠਾਕਰੀ ਨੇ ਉਸ ਦੇ ਬੁੱਕ ਵਿਚ ਸੁੱਟਿਆ ਹੋਵੇ। ਕੜਾਹ ਖਾਂਦਾ ਹੋਇਆ ਉਹ ਗੱਲਾਂ ਕਰੀ ਜਾਂਦਾ ਹੈ।

ਉਹ ਸੂਝ ਜੋ ਹਰ ਚੀਜ਼ ਦੀ ਅਸਲੀਅਤ ਨੂੰ ਬਦਲਦਿਆਂ, ਢਲਦਿਆਂ ਤੇ ਉਭਰਦਿਆਂ ਦੇਖ ਸਕਦੀ ਹੈ। ਇਕ ਦ੍ਰਿਸ਼ ਨੂੰ ਉਸ ਦੇ ਭੂਤ, ਵਰਤਮਾਨ ਤੇ ਭਵਿੱਖ — ਤਿੰਨਾਂ ਐਨਕਾਂ ਵਿਚੋਂ ਦੀ ਤੱਕਣ ਦੀ ਲੋੜ ਹੈ।

ਨਾਟਕ ਵਿਚ ਕਈ ਥਾਂ ਅਸੀਂ ਪੰਘਰੇ ਹੋਏ ਜਜ਼ਬਿਆਂ ਦਾ ਰਸ ਨਚੋੜਨਾ ਚਾਹੁੰਦੇ ਹਾਂ। ਅਜਿਹੇ ਥਾਂ ਕਵਿਤਾ-ਮਈ ਬੋਲਾਂ ਦੇ ਡੂੰਘੇ ਅਸਰ ਨੂੰ ਵਰਤਣਾ ਜਾਇਜ਼ ਹੈ। ਕਈ ਵਾਰ ਵੇਗ ਵਿਚ ਦਗਦੇ ਹੋਏ ਸ਼ਬਦ ਖ਼ੁਦ ਹੀ ਕਵਿਤਾ ਦਾ ਰੂਪ ਧਾਰ ਲੈਂਦੇ ਹਨ। ਨਾਟਕ ਦੇ ਸਿਖਰ ਉਤੇ ਪਹੁੰਚ ਕੇ ਕਈ ਵਾਰ ਪਾਤਰ ਦੇ ਦਿਲ ਦੀਆਂ ਡੂੰਘਾਣਾਂ ਤੋਂ ਉਠਦੀ ਹੋਈ ਚੀਸ ਨੂੰ ਦੱਸਣ ਲਈ ਸ਼ਬਦ ਆਪਣੀ ਸ਼ਕਲ ਬਦਲ ਲੈਂਦੇ ਹਨ। ਕਿਉਂਕਿ ਅਸੀਂ ਪਾਤਰ ਨੂੰ ਜੋ ਉਸ ਨੇ ਸਾਰੇ ਜੀਵਨ ਵਿਚ ਕੀਤਾ, ਬੋਲਿਆ ਤੇ ਸੋਚਿਆ ਹੁੰਦਾ ਹੈ, ਸਿਰਫ਼ ਦੋ ਤਿੰਨ ਘੰਟਿਆਂ ਵਿਚ ਹੀ ਦੱਸਣਾ ਚਾਹੁੰਦੇ ਹਾਂ, ਇਸ ਲਈ ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਚੁਣ ਕੇ ਕਲਪਨਾ ਦੀ ਪਾਹ ਚਾੜ੍ਹ ਕੇ ਨਵਾਂ ਰੂਪ ਦੇਂਦੇ ਹਾਂ। ਇਹ ਰੂਪ ਲੋਕਾਂ ਦੇ ਜਜ਼ਬਿਆਂ ਨੂੰ ਟੁੰਬ ਕੇ ਉਹਨਾਂ ਦੇ ਮਨ ਉਤੇ ਉਹੀ ਅਸਰ ਕਰਦਾ ਹੈ ਜੋ ਪਾਤਰ ਦੀ ਸਾਰੀ ਜ਼ਿੰਦਗੀ। ਕਲਾ ਅਸਲੀਅਤ ਨੂੰ ਆਪਣੇ ਅੰਦਰ ਇਸ ਤਰ੍ਹਾਂ ਲਪੇਟ ਕੇ ਪੇਸ਼ ਕਰਦੀ ਹੈ ਕਿ ਜਦ ਇਸ ਦੀਆਂ ਤਹਿਆਂ ਖੁਲ੍ਹਦੀਆਂ ਹਨ, ਤਾਂ ਜ਼ਿੰਦਗੀ ਦੀ ਨਿਰੋਲ ਅਸਲੀਅਤ ਡੁੱਲ੍ਹਣ ਲਗਦੀ ਹੈ। ਸੋਲ੍ਹਵੀਂ ਸਦੀ ਦਾ ਜਾਪਾਨੀ ਨਾਟਕਾਰ ਚਿਕਾਮਤਸੂ ਆਖਦਾ ਹੈ: "ਕਲਾ ਉਹ ਸੱਚ ਹੈ ਜੋ ਝੂਠ ਜਾਪਦਾ ਹੈ, ਇਹ ਉਹ ਝੂਠ ਹੈ ਜੋ ਸੱਚ ਨਜ਼ਰ ਆਉਣ ਵਾਲਾ ਪ੍ਰਦਰਸ਼ਨ ਹੈ।

ਕਈ ਨਾਟਕ ਚਿੰਨ੍ਹ ਪ੍ਰਧਾਨ ਹੁੰਦੇ ਹਨ। ਪਰ ਜੇ ਚਿੰਨ੍ਹ ਪਾਤਰਾਂ ਉਤੇ ਥੱਪੇ ਜਾਣ ਤਾਂ ਪਾਤਰ ਨਿਰਜਿੰਦ ਬਣ ਜਾਂਦੇ ਹਨ। ਉਹਨਾਂ ਵਿਚ ਉਹ ਅੰਦਰੂਨੀ ਖਿਚੋਤਾਣ ਨਹੀਂ ਹੁੰਦੀ ਜੋ ਜਿਉਂਦੇ-ਜਾਗਦੇ ਇਨਸਾਨ ਵਿਚ ਹੁੰਦੀ ਹੈ। ਚਿੰਨ੍ਹਾਂ ਨੂੰ ਨਾਟਕ ਦੀ ਧਰਤੀ ਵਿਚੋਂ ਤੂਈਆਂ ਵਾਂਗ ਫੁੱਟਣਾ ਚਾਹੀਦਾ ਹੈ।

"ਕੇਸਰੋ" ਵਿਚ ਮੈਂ ਮੋਟੇ ਠੁਲ੍ਹੇ ਯਥਾਰਥਵਾਦ ਨੂੰ ਪੇਸ਼ ਕਰਨ ਲਈ ਸ਼ਾਹਾਂ ਤੇ ਪਿੰਡ ਦੀਆਂ ਤੀਵੀਂਆਂ ਦੀ ਬੋਲੀ ਵਰਤੀ। ਪਰ "ਕੰਵਾਰੀ ਟੀਸੀ" ਤੇ "ਪੱਤਣ ਦੀ ਬੇੜੀ" ਵਿਚ ਕਾਵਿ-ਮਈ ਬੋਲੀ ਦਾ ਪ੍ਰਯੋਗ ਕੀਤਾ, ਕਿਉਂਕਿ ਇਹਨਾਂ ਦੋਹਾਂ ਦੀਆਂ ਨਾਇਕਾਵਾਂ ਕਿਸੇ ਹੋਣੀ ਦੀਆਂ ਪ੍ਰਤੀਕ ਹਨ। "ਕਣਕ ਦੀ ਬੱਲੀ" ਵੀ ਪ੍ਰਤੀਕ-ਪ੍ਰਧਾਨ ਨਾਟਕ ਹੈ। 'ਕਣਕ ਦੀ ਬੱਲੀ' ਦਾ ਗੀਤ ਸਾਰੇ ਨਾਟਕ ਵਿਚ ਵਾਰ ਵਾਰ ਗੂੰਜਦਾ ਹੈ, ਫ਼ਸਲਾਂ ਉਗਦੀਆਂ ਹਨ, ਸੁਨਹਿਰੀ ਬੱਲੀਆਂ ਝੂਮਦੀਆਂ ਹਨ, ਪਰ ਇਹਨਾਂ ਨੂੰ ਖਾਂਦਾ ਕੌਣ ਹੈ ? ਕੌਣ ਮਿਹਨਤ ਕਰਦਾ ਹੈ ਤੇ ਕੌਣ ਨੋਚ ਕੇ ਲੈ ਜਾਂਦਾ ਹੈ ? ਕਈ ਵਾਰ ਇਸੇ ਖੋਹਾ-ਖਿੰਝੀ ਵਿਚ ਬੱਲੀ ਲਿਤਾੜੀ ਜਾਂਦੀ ਹੈ।

ਬਲਵੰਤ ਗਾਰਗੀ

27, ਕਰਜ਼ਨ ਰੋਡ,
ਨਵੀਂ ਦਿਲੀ।
ਸਤੰਬਰ 1968

ਉਹ ਸੂਝ ਜੋ ਹਰ ਚੀਜ਼ ਦੀ ਅਸਲੀਅਤ ਨੂੰ ਬਦਲਦਿਆਂ, ਫਲਦਿਆਂ ਤੇ ਉਭਰਦਿਆਂ ਦੇਖ ਸਕਦੀ ਹੈ। ਇਕ ਦ੍ਰਿਸ਼ ਨੂੰ ਉਸ ਦੇ ਭੂਤ, ਵਰਤਮਾਨ ਤੇ ਭਵਿੱਖ — ਤਿੰਨਾਂ ਐਨਕਾਂ ਵਿਚੋਂ ਦੀ ਤੱਕਣ ਦੀ ਲੋੜ ਹੈ।

ਨਾਟਕ ਵਿਚ ਕਈ ਥਾਂ ਅਸੀਂ ਪੰਘਰੇ ਹੋਏ ਜਜ਼ਬਿਆਂ ਦਾ ਰਸ ਨਚੋੜਨਾ ਚਾਹੁੰਦੇ ਹਾਂ। ਅਜਿਹੇ ਥਾਂ ਕਵਿਤਾ-ਮਈ ਬੋਲਾਂ ਦੇ ਡੂੰਘੇ ਅਸਰ ਨੂੰ ਵਰਤਣਾ ਜਾਇਜ਼ ਹੈ। ਕਈ ਵਾਰ ਵੇਗ ਵਿਚ ਦਗਦੇ ਹੋਏ ਸ਼ਬਦ ਖ਼ੁਦ ਹੀ ਕਵਿਤਾ ਦਾ ਰੂਪ ਧਾਰ ਲੈਂਦੇ ਹਨ। ਨਾਟਕ ਦੇ ਸਿਖਰ ਉਤੇ ਪਹੁੰਚ ਕੇ ਕਈ ਵਾਰ ਪਾਤਰ ਦੇ ਦਿਲ ਦੀਆਂ ਡੂੰਘਾਣਾਂ ਤੋਂ ਉਠਦੀ ਹੋਈ ਚੀਸ ਨੂੰ ਦੱਸਣ ਲਈ ਸ਼ਬਦ ਆਪਣੀ ਸ਼ਕਲ ਬਦਲ ਲੈਂਦੇ ਹਨ। ਕਿਉਂਕਿ ਅਸੀਂ ਪਾਤਰ ਨੂੰ ਜੋ ਉਸ ਨੇ ਸਾਰੇ ਜੀਵਨ ਵਿਚ ਕੀਤਾ, ਬੋਲਿਆ ਤੇ ਸੋਚਿਆ ਹੁੰਦਾ ਹੈ, ਸਿਰਫ਼ ਦੋ ਤਿੰਨ ਘੰਟਿਆਂ ਵਿਚ ਹੀ ਦੱਸਣਾ ਚਾਹੁੰਦੇ ਹਾਂ, ਇਸ ਲਈ ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਚੁਣ ਕੇ ਕਲਪਨਾ ਦੀ ਪਾਹ ਚਾੜ੍ਹ ਕੇ ਨਵਾਂ ਰੂਪ ਦੇਂਦੇ ਹਾਂ। ਇਹ ਰੂਪ ਲੋਕਾਂ ਦੇ ਜਜ਼ਬਿਆਂ ਨੂੰ ਟੁੰਬ ਕੇ ਉਹਨਾਂ ਦੇ ਮਨ ਉਤੇ ਉਹੀ ਅਸਰ ਕਰਦਾ ਹੈ ਜੋ ਪਾਤਰ ਦੀ ਸਾਰੀ ਜ਼ਿੰਦਗੀ। ਕਲਾ ਅਸਲੀਅਤ ਨੂੰ ਆਪਣੇ ਅੰਦਰ ਇਸ ਤਰ੍ਹਾਂ ਲਪੇਟ ਕੇ ਪੇਸ਼ ਕਰਦੀ ਹੈ ਕਿ ਜਦ ਇਸ ਦੀਆਂ ਤਹਿਆਂ ਖੁਲ੍ਹਦੀਆਂ ਹਨ, ਤਾਂ ਜ਼ਿੰਦਗੀ ਦੀ ਨਿਰੋਲ ਅਸਲੀਅਤ ਡੁੱਲ੍ਹਣ ਲਗਦੀ ਹੈ। ਸੋਲ੍ਹਵੀਂ ਸਦੀ ਦਾ ਜਾਪਾਨੀ ਨਾਟਕਾਰ ਚਿਕਾਮਤਸੂ ਆਖਦਾ ਹੈ: "ਕਲਾ ਉਹ ਸੱਚ ਹੈ ਜੋ ਝੂਠ ਜਾਪਦਾ ਹੈ; ਇਹ ਉਹ ਝੂਠ ਹੈ ਜੋ ਸੱਚ ਨਜ਼ਰ ਆਉਣ ਵਾਲਾ ਪ੍ਰਦਰਸ਼ਨ ਹੈ।

ਕਈ ਨਾਟਕ ਚਿੰਨ੍ਹ ਪ੍ਰਧਾਨ ਹੁੰਦੇ ਹਨ। ਪਰ ਜੇ ਚਿੰਨ੍ਹ ਪਾਤਰਾਂ ਉਤੇ ਥੱਪੇ ਜਾਣ ਤਾਂ ਪਾਤਰ ਨਿਰਜਿੰਦ ਬਣ ਜਾਂਦੇ ਹਨ। ਉਹਨਾਂ ਵਿਚ ਉਹ ਅੰਦਰੂਨੀ ਖਿਚੋਤਾਣ ਨਹੀਂ ਹੁੰਦੀ ਜੋ ਜਿਊਂਦੇ-ਜਾਗਦੇ ਇਨਸਾਨ ਵਿਚ ਹੁੰਦੀ ਹੈ। ਚਿੰਨ੍ਹਾਂ ਨੂੰ ਨਾਟਕ ਦੀ ਧਰਤੀ ਵਿਚੋਂ ਤੂਈਆਂ ਵਾਂਗ ਫੁੱਟਣਾ ਚਾਹੀਦਾ ਹੈ।

"ਕੇਸਰੋ" ਵਿਚ ਮੈਂ ਮੋਟੇ ਠੁਲ੍ਹੇ ਯਥਾਰਥਵਾਦ ਨੂੰ ਪੇਸ਼ ਕਰਨ ਲਈ ਸ਼ਾਹਾਂ ਤੇ ਪਿੰਡ ਦੀਆਂ ਤੀਵੀਂਆਂ ਦੀ ਬੋਲੀ ਵਰਤੀ। ਪਰ "ਕੰਵਾਰੀ ਟੀਸੀ" ਤੇ "ਪੱਤਣ ਦੀ ਬੇੜੀ" ਵਿਚ ਕਾਵਿ-ਮਈ ਬੋਲੀ ਦਾ ਪ੍ਰਯੋਗ ਕੀਤਾ, ਕਿਉਂਕਿ ਇਹਨਾਂ ਦੋਹਾਂ ਦੀਆਂ ਨਾਇਕਾਵਾਂ ਕਿਸੇ ਹੋਣੀ ਦੀਆਂ ਪ੍ਰਤੀਕ ਹਨ। "ਕਣਕ ਦੀ ਬੱਲੀ" ਵੀ ਪ੍ਰਤੀਕ-ਪ੍ਰਧਾਨ ਨਾਟਕ ਹੈ। 'ਕਣਕ ਦੀ ਬੱਲੀ' ਦਾ ਗੀਤ ਸਾਰੇ ਨਾਟਕ ਵਿਚ ਵਾਰ ਵਾਰ ਗੂੰਜਦਾ ਹੈ, ਫ਼ਸਲਾਂ ਉਗਦੀਆਂ ਹਨ, ਸੁਨਹਿਰੀ ਬੱਲੀਆਂ ਝੂਮਦੀਆਂ ਹਨ, ਪਰ ਇਹਨਾਂ ਨੂੰ ਖਾਂਦਾ ਕੌਣ ਹੈ ? ਕੌਣ ਮਿਹਨਤ ਕਰਦਾ ਹੈ ਤੇ ਕੌਣ ਨੋਚ ਕੇ ਲੈ ਜਾਂਦਾ ਹੈ ? ਕਈ ਵਾਰ ਇਸੇ ਖੋਹਾ-ਖਿੰਝੀ ਵਿਚ ਬੱਲੀ ਲਿਤਾੜੀ ਜਾਂਦੀ ਹੈ।

**ਬਲਵੰਤ ਗਾਰਗੀ**

**27, ਕਰਜ਼ਨ ਰੋਡ,**
**ਨਵੀਂ ਦਿਲੀ।**
**ਸਤੰਬਰ 1968**

# ਪਾਤਰ

ਬਚਨਾ : ਚੂੜੀਆਂ ਵੇਚਣ ਵਾਲਾ

ਤਾਰੋ : ਇਕ ਸੁਹਣੀ ਕੁੜੀ

ਤਾਬਾਂ : ਫਫੇਕੁੱਟਣੀ

ਝੰਡੂ : ਮੱਘਰ ਦਾ ਨੌਕਰ

ਨਿਹਾਲੀ : ਬਚਨੇ ਦੀ ਮਾਂ

ਮੱਘਰ : ਵਿਗੜਿਆ ਹੋਇਆ ਜ਼ਿਮੀਂਦਾਰ

ਠਾਕਰੀ : ਉਸ ਦੀ ਪਤਨੀ

ਨਰਾਇਣਾ : ਬੁੱਢਾ ਪੈਨਸ਼ਨੀਆਂ

ਮਾੜੂ : ਤਾਰੋ ਦਾ ਸ਼ਰਾਬੀ ਮਾਮਾ
ਦੋ ਖਚਰੀਆਂ ਬੁੱਢੀਆਂ

ਸ਼ੇਰਾ ਤੇ
ਕਿਰਪਾ : ਮੱਘਰ ਦੇ ਦੋ ਬੁਰਛੇ ਜੱਟ, ਕੁੜੀਆਂ, ਬਰਾਤੀ ਤੇ ਹੋਰ ਲੋਕ

# ਐਕਟ ਪਹਿਲਾ

ਪਿੰਡ ਦਾ ਮੇਲਾ।

ਅਲਗੋਜ਼ਿਆਂ ਦੀਆਂ ਧੁਨਾਂ ਤੇ ਜੱਟਾਂ ਦੀਆਂ ਬੋਲੀਆਂ ਸੁਣਾਈ ਦੇਂਦੀਆਂ ਹਨ।

ਫੇਰੀ ਵਾਲੇ ਖਾਂਚੇ ਸਜਾਈਂ ਹੋਕੇ ਲਗਾ ਰਹੇ ਹਨ। ਕੁੜੀਆਂ ਨਵੇਂ ਕਪੜੇ ਪਾਈ ਚੀਜ਼ਾਂ ਖ਼ਰੀਦਦੀਆਂ ਹੋਈਆਂ ਉਮ੍ਹਲ ਉਮ੍ਹਲ ਪੈਂਦੀਆਂ ਹਨ।

ਜੱਟ ਗਾਉਂਦੇ ਤੇ ਨੱਚਦੇ ਹੋਏ ਪ੍ਰਵੇਸ਼ ਕਰਦੇ ਹਨ:

ਗੀਤ : ਨੀ ਬੱਲੀਏ ਕਣਕ ਦੀਏ
ਕੁਝ ਬੋਲ
ਸੁੱਚੇ ਦਾਣੇ ਤੇ ਮਿਠੜੇ ਬੋਲ
ਇਕ ਪਲ ਬਹੀ ਜਾਣਾ
ਮੇਰੇ ਕੋਲ
ਬੱਲੀਏ ਕਣਕ ਦੀਏ
ਕੁਝ ਬੋਲ
ਨੀ ਤੇਰੇ ਹਾਰੇ ਦੁੱਧਾਂ ਵਾਲੇ
ਚਿੱਟੇ ਫੁੱਲ ਰੇਸ਼ਮੀ ਨਾਲੇ
ਕੰਨੀਂ ਲਿਸ਼ਕਣ ਡੰਡੀਆਂ ਵਾਲੇ
ਧੁੱਪਾਂ ਹੱਸਣ ਤੇ ਕਰਨ ਕਲੋਲ
ਬੱਲੀਏ ਕਣਕ ਦੀਏ
ਕੁਝ ਬੋਲ

(ਉਹ ਨੱਚਦੇ ਹੋਏ ਚਲੇ ਜਾਂਦੇ ਹਨ। ਬਚਨਾ ਚੂੜੀਆਂ ਦਾ ਟੋਕਰਾ ਚੁੱਕੀ ਦਾਖ਼ਿਲ ਹੁੰਦਾ ਹੈ।)

ਬਚਨਾ : ਵੰਗਾ ਚੜ੍ਹਾ ਲਉ, ਵੰਗਾਂ! ਕੱਚ ਦੀਆਂ ਚੂੜੀਆਂ, ਰੰਗਾਂ ਨਾਲ ਧੂੜੀਆਂ।
(ਉਹ ਟੋਕਰਾ ਭੁੰਜੇ ਲਾਹ ਕੇ ਚੂੜੀਆਂ ਦੇ ਗੁੱਛੇ ਸਜਾਉਂਦਾ ਹੈ। ਕੁੜੀਆਂ ਹੋਕਾ ਸੁਣਨ ਸਾਰ ਉਸ ਦੁਆਲੇ ਆ ਜੁੜਦੀਆਂ ਹਨ।)

ਇਕ ਕੁੜੀ : ਪਹਿਲਾਂ ਮੇਰੀ ਵਾਰੀ!

ਸਭ ਕੁੜੀਆਂ : (ਬਾਹਾਂ ਅੱਗੇ ਕਰ ਕੇ) ਮੇਰੀ ਵਾਰੀ — ਮੇਰੀ ਵਾਰੀ — ਮੇਰੀ ਵਾਰੀ!

ਬਚਨਾ : ਐਨੇ ਹੱਥ ? ਪਤਾ ਹੀ ਨਹੀਂ ਲੱਗਦਾ। ਮੁੰਦਰੀ ਲਾਹ ਦੇ, ਚੂੜੀ ਤਿੜਕ ਜਾਊ।

ਕੁੜੀ : ਭਾਈ ਛੱਡ ਮੁੰਦਰੀ ਨੂੰ। ਜੇ ਚੜ੍ਹਾਉਣੀਆਂ ਨੇ ਤਾਂ ਛੇਤੀ ਚੜ੍ਹਾ। ਕਿਤੇ ਮੇਰੀ ਸੱਸ ਨੇ ਦੇਖ ਲਿਆ ਤਾਂ ਗੁਤਨੀ ਪੁੱਟ ਦੇਊ।

(ਬਚਨਾ ਚੂੜੀਆਂ ਚੜ੍ਹਾਉਣ ਵਿਚ ਰੁਝ ਜਾਂਦਾ ਹੈ। ਤਾਰੋ ਦਾਖ਼ਿਲ ਹੁੰਦੀ ਹੈ। ਸਿਰ ਉਤੇ ਨਵੀਆਂ ਜੁੱਤੀਆਂ ਦਾ ਜੋੜਾ ਈਨੂੰ ਵਾਂਗ ਟਿਕਾਇਆ ਹੋਇਆ ਹੈ ਤੇ ਹੱਥ ਵਿਚ ਤੋਤੇ ਦਾ ਪਿੰਜਰਾ।)

ਤਾਰੋ : ਹੁਣ ਮੈਂ ਜੁੱਤੀ ਪਾ ਲਵਾਂ। (ਸਟੇਜ ਉਤੇ ਪਿੰਜਰਾ ਰਖ ਦੇਂਦੀ ਹੈ ਤੇ ਜੁੱਤੀ ਨੂੰ ਖੜਕਾ ਕੇ ਝਾੜਦੀ ਹੈ।) ਕਿੰਨੀ ਧੂੜ ਸੀ ਰਾਹ ਵਿਚ। ਜੇ ਟੋਭਾ ਨੇੜੇ ਹੁੰਦਾ ਤਾਂ ਮੈਂ ਅੱਡੀਆਂ ਕੂਚ ਕੇ ਜੁੱਤੀ ਪਾਉਂਦੀ। ਮਾਮਾ ਆਖਦਾ ਸੀ: "ਖ਼ਬਰਦਾਰ ਜੇ ਇਹ ਮੜਕਮੋਜੇ ਪਾ ਕੇ ਮੇਲੇ ਗਈ!" ਮੈਂ ਜਾਣਦੀ ਆਂ, ਉਹ ਇਨ੍ਹਾਂ ਨੂੰ ਵੇਚ ਕੇ ਦਾਰੂ ਦੀ ਬੋਤਲ ਖ਼ਰੀਦਣੀ ਚਾਹੁੰਦਾ ਸੀ।

(ਜੁੱਤੀ ਪਾ ਕੇ ਮੜਕ ਨਾਲ ਤੁਰਦੀ ਹੈ।)

ਕਿੰਨਾ ਭਰਵਾਂ ਮੇਲਾ ਏ। ਬੌਲਦਾਂ ਦੇ ਸਿੰਗ ਚੋਪੜੇ ਹੋਏ: ਮੱਝਾਂ ਦੇ ਪਿੰਡੇ ਲਿਸ਼ਕੇ ਹੋਏ, ਜੱਟਾਂ ਟੌਰੇ ਛੱਡੇ ਹੋਏ। ਘੋੜੇ ਹਿਣਕ ਰਹੇ ਨੇ। ਜੱਟੀਆਂ ਗਿੱਧਾ ਪਾ ਰਹੀਆਂ ਨੇ। ਮੈਂ ਮਹੀਨਿਆਂ ਬੱਧੀ ਇਸ ਮੇਲੇ ਨੂੰ ਉਡੀਕਦੀ ਰਹੀ। ਹਰ ਚੀਜ਼ ਇਸ ਦਿਨ ਲਈ ਸਾਂਭ ਸਾਂਭ ਰੱਖੀ — ਚੁੰਨੀ, ਝੱਗਾ, ਜ਼ੰਜੀਰੀ, ਜੁੱਤੀ, ਪਰ ਹਾਏ, ਮੇਰੇ ਕੋਲ ਚੂੜੀਆਂ ਨਹੀਂ।

ਬਚਨਾ : ਕੱਚ ਦੀਆਂ ਚੂੜੀਆਂ, ਰੰਗਾਂ ਨਾਲ ਧੂੜੀਆਂ।

(ਬਚਨੇ ਦੁਆਲੇ ਬੈਠੀਆਂ ਕੁੜੀਆਂ ਚਹੇਡਾਂ ਕਰਦੀਆਂ ਇਕ ਦੂਜੀ ਨੂੰ ਚੂੰਢੀਆਂ ਵੱਢਦੀਆਂ ਤੇ ਉੱਚੀ ਉੱਚੀ ਹੱਸਦੀਆਂ ਹਨ। ਤਾਰੋ ਉਹਨਾਂ ਨੂੰ ਦੇਖ ਕੇ ਖੜੀ ਹੋ ਜਾਂਦੀ ਹੈ, ਕੁੱਝ ਕਦਮ ਪੁੱਟਦੀ ਹੈ, ਫਿਰ ਰੁਕ ਜਾਂਦੀ ਹੈ ਤੇ ਅਖ਼ੀਰ ਵਿਚ ਪਿੰਜਰਾ ਚੁੱਕ ਕੇ ਤੁਰਦੀ ਹੈ।

ਤਾਬਾਂ : ਪਿੰਡ ਦੀ ਫਫੇਕੁੱਟਣੀ — ਦਾਖ਼ਿਲ ਹੁੰਦੀ ਹੈ। ਮਹਿੰਦੀ-ਰੰਗਾ ਝਾਟਾ, ਟਾਕੀਆਂ ਵਾਲੀ ਘੱਗਰੀ, ਪਾਟੀ ਸਲਾਰੀ, ਕੰਨਾਂ ਵਿਚ ਲਟਕਦੇ ਵਾਲੇ ਤੇ ਗਲ ਵਿਚ ਰੰਗ-ਬਰੰਗੇ ਮਣਕਿਆਂ ਦੀਆਂ ਮਾਲਾਵਾਂ। ਉਹ ਆਲੇ ਦੁਆਲੇ ਨੂੰ ਤਾੜਦੀ ਹੈ ਤੇ ਸੋਟੀ ਟੇਕਦੀ ਹੋਈ ਛਾਂ ਵਾਂਗ ਤਾਰੋ ਦਾ ਪਿੱਛਾ ਕਰਦੀ ਹੈ।)

ਤਾਬਾਂ : ਕੁੜੀ ਐ ਕਿ ਫੁੱਲਝੜੀ। ਕਿਵੇਂ ਚੰਗਿਆੜੀ ਛਡਦੀ ਜਾਂਦੀ ਹੈ। ਸਰਦਾਰਾਂ ਤੇ ਸ਼ਾਹੂਕਾਰਾਂ ਨਾਲੋਂ ਚਮਿਆਰਾਂ ਤੇ ਘੁਮਿਆਰਾਂ ਦੀਆਂ ਕੁੜੀਆਂ ਕਿਤੇ ਸੁਹਣੀਆਂ ਹੁੰਦੀਆਂ ਨੇ। ਕੌਲ-ਡੋਡਾ ਚਿੱਕੜ 'ਚ ਉੱਗਦਾ ਏ, ਖੁੰਮ ਰੂੜੀ ਉਤੇ, ਤੇ ਸੁਹਣੀ ਕੁੜੀ ਨਿੱਕੀਆਂ ਜਾਤਾਂ ਵਿਚ।

(ਤਾਰੋ ਮੰਚ ਪਾਰ ਕਰ ਕੇ ਦਰਸ਼ਕਾਂ ਵਿਚ ਗੁਆਚ ਜਾਂਦੀ ਹੈ।)

ਔਹ ਭੀੜ ਵਿਚ ਗੁਆਚ ਗਈ। (ਸੋਚਦੀ ਹੈ ਤੇ ਫਿਰ ਤੁਰਦੀ ਹੈ)।

(ਦਰਸ਼ਕਾਂ ਨੂੰ) ਮੈਂ ਹੁਣੇ ਬਖ਼ਤੌਰੇ ਦੇ ਘਰੋਂ ਹੋ ਕੇ ਆਈ ਹਾਂ —ਇਲਾਕੇ ਦੇ ਸਭ ਤੋਂ ਵੱਡੇ ਚੂੜੀਆਂ ਬਣਾਉਣ ਵਾਲੇ। ਉਹਨਾਂ ਦੀ ਧੀ ਸੁਖ ਨਾਲ ਹਾਲ ਤੀਕ ਪਿਉ ਦੀ ਦੇਹਲੀ ਤੇ ਬੈਠੀ ਐ। ਕੋਈ ਉਸ ਨੂੰ ਵਿਆਹ ਕੇ ਲਿਜਾਣ ਲਈ ਤਿਆਰ ਨਹੀਂ। ਨਿਰਾ ਮਾਤਾ ਦਾ ਮਾਲ। ਪਰ ਮੈਂ ਜੇ ਚਾਹਾਂ ਤਾਂ ਉਸ ਨੂੰ ਕਿਸੇ ਨਾਲ ਨੱਥੀ ਕਰ ਸਕਦੀ ਆਂ। ਦੇਖਣ ਨੂੰ ਐਨੀ ਮਾੜੀ ਵੀ ਨਹੀਂ —ਬਸ ਐਵੇਂ ਮੂੰਹ ਤੇ ਸੀਤਲਾ ਦੇ ਕੁਝ ਦਾਗ਼ ਨੇ ਤੇ ਮੱਥੇ ਉਤੇ ਗਮੜਾ ਤੇ ਅੱਖ ਵਿਚ ਫੋਲਾ ਏ, ਤੇ ਦੰਦ ਵੀ ਸੁਖ ਨਾਲ ਥੋੜ੍ਹੇ ਜਿਹੇ ਉੱਚੇ ਨੇ। ਹੋਰ ਕੋਈ ਨੁਕਸ ਨਹੀਂ। ਐਵੇਂ ਰੰਗ ਰਤਾ ਕੁ ਕਾਲਾ ਐ। ਭਲਾ ਇਹ ਵੀ ਕੋਈ ਨੁਕਸ

ਹੋਇਆ ? ਮੈਂ ਬੜੀਆਂ ਬੜੀਆਂ ਰਹੀਆਂ ਹੋਈਆਂ ਨੂੰ ਲਾ ਦਿਤਾ। ਜ਼ੈਲਦਾਰ ਦੀ ਗੰਜੀ ਕਰਮੋ ਨੂੰ ਚੰਦ ਵਰਗਾ ਮੁੰਡਾ ਟੋਲ ਦਿਤਾ। ਸੈ ਲਵੇਰੀਆਂ ਕਿੱਲੇ 'ਤੇ ਖੜੀਆਂ ਨੇ। ਉਹ ਫ਼ਾਂਚੀ ਭਜਨੋ ਸੀ, ਖੜੀ ਖੜੀ ਨੂੰ ਮਿਰਗੀ ਪੈ ਜਾਂਦੀ — ਅੱਜ ਸੋਢੀਆਂ ਦੇ ਘਰ ਬੈਠੀ ਰਾਜ ਕਰਦੀ ਐ। ਮੈਂ ਲੋਕਾਂ ਦੇ ਘਰ ਵਸਾਉਂਦੀ ਆਂ। ਇਸ ਪਿੰਡ ਦੇ ਅੱਧੇ ਉਧਾਲੇ ਤਾਬਾਂ ਦੀ ਹਿੰਮਤ ਨਾਲ ਹੋਏ। ਕਈ ਛੁੱਟੜ ਛੜੇ ਸਾਰੀ ਉਮਰ ਤੀਵੀਂ ਨੂੰ ਤਰਸਦੇ ਰਹੇ। ਹੁਣ ਉਹਨਾਂ ਦੇ ਸੇਜੀਂ ਚੂੜੀਆਂ ਛਣਕਦੀਆਂ ਨੇ। ਜੇ ਮੈਂ ਨਾ ਹੋਵਾਂ ਤਾਂ ਅੱਧਾ ਪਿੰਡ ਔਂਤ ਮਰ ਜਾਏ। ਭਾਵੇਂ ਮੈਨੂੰ ਦਮੇ ਦਾ ਰੋਗ ਐ ਤੇ ਗੋਡਿਆਂ ਵਿਚ ਦਰਦਾਂ ਨੇ, ਪਰ ਮੈਂ ਇਸ ਪਿੰਡ ਨੂੰ ਰਾਜ਼ੀ-ਬਾਜ਼ੀ ਰਖਦੀ ਆਂ।

ਇਕ ਕੁੜੀ : (ਬਚਨੇ ਨੂੰ) ਮੈਂ ਚੱਲੀ ਆਂ। ਪਿੰਡ ਦੀ ਫਾਫਾਂ ਸੂਹਾਂ ਲੈਂਦੀ ਫਿਰਦੀ ਐ।

ਦੂਜੀਆਂ ਕੁੜੀਆਂ : ਲੈ ਭਾਈ, ਪੈਸੇ। ਨੀ ਠਹਿਰ ਅਸੀਂ ਵੀ ਆਉਂਦੀਆਂ ਆਂ।

ਤਾਬਾਂ : (ਕੋਲੋਂ ਲੰਘਦੀਆਂ ਕੁੜੀਆਂ ਨੂੰ ਤਾੜਦੀ ਹੈ।) ਹੂਹੂ, ਪਟਮੇਲੀਆਂ!

ਬਚਨਾ : (ਚੂੜੀਆਂ ਸਾਂਭ ਕੇ) ਵੰਗਾਂ ਚੜ੍ਹਾ ਲਉ, ਵੰਗਾਂ!

ਤਾਬਾਂ : ਵੰਗਾਂ ਸੋਂਹਦੀਆਂ ਨੇ ਮੁਟਿਆਰਾਂ ਨੂੰ। ਮੇਰੇ ਵਰਗੀ ਬੁੱਢੀ ਠੇਰੀ ਨੇ ਕੀ ਕਰਨੀਆਂ ਨੇ। ਜਦੋਂ ਕੋਈ ਨੱਥ ਵਾਲੀ ਲਿਆਏਂਗਾ ਫੇਰ ਪਾ ਦੇਈਂ ਉਸ ਨੂੰ ਚੂੜਾ। ਵੇ ਪੁੱਤ, ਤੇਰੀ ਮਾਂ ਤੰਦੂਰ ਤੇ ਬੈਠੀ ਰੋਟੀਆਂ ਥੱਪਦੀ ਸੀ। ਉਸ ਦੇ ਦੀਦੇ ਰਹਿ ਗਏ ਧੂੰਏਂ ਨਾਲ। ਹੁਣ ਕੋਈ ਬਹੂ ਲੈ ਆ, ਵਿਚਾਰੀ ਬੁੱਢੀ ਦੀ ਜੂਨ ਸੁਧਰੇ।

ਬਚਨਾ : ਜਦੋਂ ਦੇਖੋ ਵਿਆਹ ਦੀ ਗੱਲ।

ਤਾਬਾਂ : ਵੇ ਪੁੱਤ, ਜੇ ਮੈਂ ਨਾ ਗੱਲ ਤੋਰਾਂ ਤਾਂ ਹੋਰ ਕੌਣ ਤੋਰੂ ? ਭੁੱਲ ਗਿਆ ਐਂ, ਮੈਂ ਹੀ ਤਾਂ ਤੈਨੂੰ ਗੁੜ੍ਹਤੀ ਦਿਤੀ ਸੀ ਤੇ ਸ਼ਹਿਦ ਦੀ ਸਲਾਈ ਫੇਰੀ ਸੀ। ਹੁਣ ਤਾ ਬੁੱਢੀ ਤਾਈ ਸੁਖ ਨਾਲ ਪੋਤੇ ਨੂੰ ਉਡੀਕਦੀ ਐ, ਖੀ...ਖੀ...ਖੀ...ਖੀ!

(ਬਚਨਾ ਤੇਜ਼ੀ ਨਾਲ ਚਲਾ ਜਾਂਦਾ ਹੈ।)

ਕਿੰਨੀ ਭੀੜ ਐ। ਲੰਘਣਾ ਔਖਾ ਹੋ ਗਿਆ। ਹਰ ਪਾਸੇ ਤੀਵੀਂਆਂ, ਗੱਡੇ, ਭੇਡਾਂ, ਊਠ, ਸ਼ਰਾਬਾਂ, ਉਧਾਲੇ, ਲੜਾਈਆਂ, ਚੋਰੀਆਂ। ਜੇ ਮੇਲੇ ਵਿਚ ਕੋਈ ਖ਼ੂਨ ਜਾਂ ਉਧਾਲਾ ਨਾ ਹੋਵੇ ਤਾਂ ਉਹ ਮੇਲਾ ਈ ਕਾਹਦਾ!

(ਝੰਡੂ ਬਾਹਰੋਂ ਉੱਚੀ ਉੱਚੀ ਰੋਂਦਾ ਹੋਇਆ ਦਾਖ਼ਿਲ ਹੁੰਦਾ ਹੈ।)

ਤਾਬਾਂ : ਵੇ ਕਿਉਂ ਬੂਹਕਦਾ ਐਂ ?

ਝੰਡੂ : ਊਹੂ — ਊਹੂ — ਊਹੂ!

ਤਾਬਾਂ : ਕਿਸੇ ਨੇ ਮਾਰਿਐ ਤੈਨੂੰ ?

ਝੰਡੂ : ਊਹੂ — ਊਹੂ — ਊਹੂ!

ਤਾਬਾਂ : ਵੇ ਕੀ ਡਾਕਾ ਪੈ ਗਿਆ ?

ਝੰਡੂ : (ਬਾਂਹ ਨਾਲ ਹੰਝੂ ਪੂੰਝਦਾ ਹੋਇਆ) ਊਹੂ — ਊਹੂ — ਊਹੂ!

ਤਾਬਾਂ : ਵੇ ਭੁੱਖ ਲੱਗੀ ਐ ?

ਝੰਡੂ : ਊਹੂ...ਊਹੂ...ਊਹੂ...।

ਤਾਬਾਂ : ਵੇ ਮੂਰਖਾ, ਕਿਉਂ ਹੀਂਗਣਾ ਛੇੜਿਆ ਏ ? ਦੱਸ ਕਿਉਂ ਧਾਹਾਂ ਮਾਰਨ ਲਗਿਐਂ ? ਆਪਣਾ ਬੂਥਾ ਦੇਖ — ਅੱਖਾਂ ਸੁਜਾਈਂ ਫਿਰਦਾ ਏਂ। ਕੁਝ ਤਾਂ ਮੂੰਹੋਂ ਫੁਟ ?

ਛੱਡੂ : (ਧਾਹ ਮਾਰ ਕੇ ਡਿੱਗ ਪੈਂਦਾ ਹੈ) ਲੁੱਟਿਆ ਗਿਆ!

ਤਾਬਾਂ : ਵੇ ਹਰਾਮੀਆ, ਤੇਰੇ ਘਰ ਲੁੱਟਣ ਨੂੰ ਕੀ ਧਰਿਐ। ਦੋ ਠੂਠੇ ਤੇ ਪਾਟੀਆਂ ਜੁੱਲੀਆਂ।

ਛੱਡੂ : ਲੁੱਟਿਆ ਗਿਆ ਉਏ, ਪਿੰਡਾ! ਪੱਟਿਆ ਗਿਆ! ਹਾਏ ਉਏ ਮੇਰਾ ਕੱਖ ਨਹੀਂ ਰਿਹਾ।

ਤਾਬਾਂ : ਹੋਇਆ ਕੀ ?

ਛੱਡੂ : (ਉੱਠ ਕੇ ਤੇ ਹੰਝੂ ਪੂੰਝ ਕੇ) ਮੇਰੀ ਤੀਵੀਂ ਨਿਕਲ ਗਈ।

ਤਾਬਾਂ : (ਹੱਸਦੀ ਹੈ) ਚੰਗਾ ਹੋਇਆ! ਜੂੜ ਵੱਢਿਆ ਗਿਆ। ਅਸਲੀ ਮਰਦ ਹੋਵੇਂ ਤਾਂ ਤੀਵੀਂ ਦੇ ਨਿਕਲ ਜਾਣ ਤੇ ਇਸ ਤਰ੍ਹਾਂ ਰੋਂਦਾ ਨਾ ਫਿਰੇਂ। ਵੇ ਡੁਚਣਾ, ਕੋਈ ਗਹਿਣਾ-ਗੱਟਾ ਚਲਿਆ ਗਿਆ ? ਜਾਂ ਕੋਈ ਤੇਰੀ ਪੂੰਜੀ ਰੁੜ੍ਹ ਗਈ ?

ਛੱਡੂ : ਤਾਈ, ਮੇਰੀ ਤਾਂ ਉਹ ਸਾਰੀ ਪੂੰਜੀ ਸੀ। ਤਿੰਨ ਸੌ ਰੁਪਿਆ ਤਾਰ ਕੇ ਲਿਆਂਦੀ ਸੀ। ਕੌਡੀ ਕੌਡੀ ਕਰਕੇ ਦਸਾਂ ਸਾਲਾਂ 'ਚ ਪੈਸਾ ਜੋੜਿਆ ਸੀ। ਏਨੇ ਪੈਸਿਆਂ ਨਾਲ ਮੈਂ ਦੋ ਵਿਘੇ ਜ਼ਮੀਨ ਲੈ ਲੈਂਦਾ......ਜਾਂ ਗਊ ਮੁੱਲ ਲਿਆਉਂਦਾ। ਰੱਜ ਕੇ ਦੁੱਧ ਪੀਂਦਾ ਤੇ ਨਾਲੇ ਮੌਜ ਨਾਲ ਵੇਚਦਾ। ਪਰ ਮੇਰੀ ਮੱਤ ਮਾਰੀ ਗਈ, ਤੀਵੀਂ ਲਿਆਂਦੀ ਤੇ ਉਹ ਨੱਸ ਗਈ......।

ਤਾਬਾਂ : ਵੇ ਤੇਰੇ ਘਰ ਉਹ ਸੱਤ ਸਾਲ ਰਹੀ — ਹੋਰ ਤੂੰ ਕੀ ਭਾਲਦਾ ਐਂ ? ਚੰਗਾ ਹੋਇਆ, ਦਫ਼ਾ ਹੋਈ!

ਛੱਡੂ : ਇਉਂ ਨਾ ਆਖ, ਤਾਈ! ਘਰ ਦਾ ਤਾਂ ਬਿੱਲੀ ਕੁੱਤਾ ਵੀ ਗੁਆਚ ਜਾਏ ਤਾਂ ਬੰਦਾ ਓਦਰ ਜਾਂਦਾ ਐ। ਉਹ ਤਾਂ ਫੇਰ ਵੀ ਵਿਆਹ ਕੇ ਲਿਆਂਦੀ ਸੀ। ਹੁਣ ਮੈਂ ਕਿਤੋਂ ਦਾ ਨਾ ਰਿਹਾ......(ਰੋਂਦਾ ਹੈ)।

ਤਾਬਾਂ : ਵੇ ਕਿਉਂ ਕੀਰਨੇ ਪਾਉਂਦਾ ਏਂ। ਜਾਹ, ਜਾ ਕੇ ਕੰਮ ਕਰ। ਤੇਰੀ ਟੋਕਰੀ ਕਿੱਥੇ ਐ ?

ਛੱਡੂ : ਤਬੇਲੇ ਵਿਚ।

ਤਾਬਾਂ : ਤੇ ਮੱਘਰ ?

ਛੱਡੂ : ਉਹ ਸੱਥ 'ਚ ਬੈਠਾ ਮਾਲਿਸ਼ ਕਰਵਾ ਰਿਹਾ ਐ। ਕੁੱਕੜਾਂ ਦੀ ਲੜਾਈ ਦੀਆਂ ਤਿਆਰੀਆਂ ਹੋ ਰਹੀਆਂ ਨੇ।

ਤਾਬਾਂ : ਚੰਗਾ ਕਿੱਤਾ ਭਾਲਿਐ ਏਸ ਨੇ। ਇਸ ਦਾ ਦਾਦਾ ਚੀਤੇ ਲੜਾਉਂਦਾ ਸੀ, ਪਿਉ ਭੇਡੂ, ਤੇ ਹੁਣ ਇਹ ਕੁੱਕੜਾਂ ਤੇ ਆ ਗਿਆ। ਸੁਖ ਨਾਲ ਟੱਬਰ ਨਿਘਰਦਾ ਹੀ ਜਾਂਦਾ ਏ।

ਛੱਡੂ : ਬੁੱਢੀਏ, ਚਹੇੜਾਂ ਨਾ ਕਰ ਮੇਰੇ ਮਾਲਕ ਨੂੰ। ਜਿਸ ਦਾ ਨਮਕ ਖਾਈਏ ਉਸ ਦੀ ਪਿੱਠ ਪਿੱਛੇ ਬੁਰਿਆਈ ਨਾ ਕਰੀਏ, ਨਹੀਂ ਤਾਂ ਬੰਦਾ ਖੋਤੇ ਦੀ ਜੂਨੀ ਪੈਂਦਾ ਏ। ਪੀੜ੍ਹੀਆਂ ਤੋਂ ਅਸੀਂ ਇਸ ਘਰ ਦਾ ਅੰਨ ਖਾਂਦੇ ਆਏ ਆਂ। ਭਾਵੇਂ ਕਦੇ ਕਦੇ ਉਹ ਮੈਨੂੰ ਛਿੱਤਰੀਂ ਡਹਿ ਪੈਂਦਾ ਏ, ਪਰ ਇਹ ਤਾਂ ਵੱਡੇ ਘਰਾਂ ਦੇ ਚੋਜ ਨੇ। ਉਸ ਦਾ ਘੋੜਾ ਵੀ ਦੁਲੱਤੀ ਕੱਢ ਮਾਰਦੈ। ਓਹ! ਮੈਂ ਤਾਂ ਹਾਲੇ ਤੀਕ ਤਵੇਲਾ ਸਾਫ਼ ਨਹੀਂ ਕੀਤਾ। (ਝੱਗੀ ਨਾਲ ਹੰਝੂ ਪੂੰਝਦਾ ਹੈ) ਕਲ੍ਹ ਰਾਤ ਦਾ ਭੁੱਖਣ ਭਾਣਾ ਆਪਣੀ ਤੀਵੀਂ ਨੂੰ ਟੋਲਦਾ ਫਿਰਦਾ ਆਂ। ਹਾਲ ਤੀਕ ਕੋਈ ਸੂਹ ਨਹੀਂ ਮਿਲੀ। ਚੱਲਾਂ ਤੇ ਚੱਲ ਕੇ ਕੰਮ ਕਰਾਂ! ਦੋ ਵਾਰ ਠਾਣੇ ਗਿਆ, ਮੁਨਸ਼ੀ

ਨੇ ਰਪਟ ਹੀ ਨਾ ਲਿਖੀ। ਬਥੇਰੇ ਹੱਥ ਜੋੜੇ। ਪਰ ਰੁਪਏ ਚਾੜ੍ਹੇ ਬਿਨਾਂ ਉਹ ਗੱਲ ਈ ਨਹੀਂ ਸੁਣਦਾ। ਚੱਲਾਂ ਤੇ ਜਾ ਕੇ ਘੋੜੇ ਨੂੰ ਖਰਖਰਾ ਕਰਾਂ, ਨਹੀਂ ਤਾਂ ਆਥਣ ਨੂੰ ਰੋਟੀ ਨਹੀਂ ਮਿਲਣੀ। ਛਿੱਤਰ ਅੱਡ ਪੈਣਗੇ।

(ਤੇਜ਼ੀ ਨਾਲ ਚਲਾ ਜਾਂਦਾ ਹੈ। ਤਾਬਾਂ ਸੋਟੀ ਟੇਕਦੀ ਹੋਈ ਹੌਲੀ ਹੌਲੀ ਜਾਂਦੀ ਹੈ।

(ਹਨੇਰਾ)

## ਝਾਕੀ ਦੂਜੀ

ਨਿਹਾਲੀ ਸੀਣ-ਪਰੋਣ ਵਾਲੀ ਪੱਛੀ ਚੁੱਕੀ ਦਾਖ਼ਿਲ ਹੁੰਦੀ ਹੈ। ਬੋਰੀ ਉਤੇ ਚੀਜ਼ਾਂ ਰੱਖ ਕੇ ਬਾਹਰ ਗਲੀ ਵਲ ਝਾਕਦੀ ਹੈ।

ਨਿਹਾਲੀ : ਲੋਕ ਮੇਲਾ ਦੇਖ ਕੇ ਪਰਤ ਰਹੇ ਨੇ। ਕੋਈ ਲੱਡੂ ਜਲੇਬੀਆਂ ਚੁੱਕੀ ਜਾਂਦਾ ਏ, ਕੋਈ ਰੰਗ-ਬਰੰਗੇ ਖਿਲੌਣੇ, ਕੋਈ ਬੱਤਖਾਂ ਤੇ ਕੁੱਕੜ। ਉਹ ਵੀ ਆਉਂਦਾ ਈ ਹੋਏਗਾ। ਉਸ ਦੇ ਝੱਗੇ ਨੂੰ ਤੋਪੇ ਲਾ ਦਿਆਂ। (ਬੋਰੀ ਉਤੇ ਬੈਠ ਕੇ ਝੱਗਾ ਸਿਊਂਦੀ ਹੈ।) ਹੁਣ ਸੁੱਖ ਨਾਲ ਜਵਾਨ ਹੋ ਗਿਆ ਏ। ਤਿੰਨ ਵਾਰੀ ਇਹੋ ਝੱਗਾ ਮੋਢਿਆਂ ਤੋਂ ਪਾਟ ਚੁੱਕਾ ਏ। ਪਿਛਲੇ ਸਾਲ ਲੂਈਂ ਫੁੱਟਦੀ ਸੀ, ਪਰ ਹੁਣ ਤਾਂ ਕਾਲੀਆਂ ਸ਼ਾਹ ਮੁੱਛਾਂ ਨੇ। (ਸਿਊਂਦੀ ਹੈ) ਕਲ੍ਹ ਦੀ ਗੱਲ ਏ ਕਿ ਮੈਂ ਉਸ ਨੂੰ ਉਂਗਲ ਲਾਈ ਫਿਰਦੀ ਸਾਂ, ਪਰ ਹੁਣ ਮੈਨੂੰ ਉਂਗਲ ਲਾ ਕੇ ਤੁਰ ਸਕਦਾ ਏ। ਰਾਤਾਂ ਝਾਗ ਕੇ ਇਹ ਦਿਨ ਦੇਖਿਆ ਏ। ਇਹੋ ਸੁੱਖਾਂ ਸੁੱਖਦੀ ਰਹੀ ਕਿ ਰੱਬਾ ਇਹ ਛੇਤੀ ਜਵਾਨ ਹੋਵੇ......ਸ਼ਾਇਦ ਉਸੇ ਦੇ ਪੈਰਾਂ ਦੀ ਬਿੜਕ ਏ, ਉਹੀ ਲਟਬੌਰੀ ਚਾਲ। ਔਹ ਤੁਰਿਆ ਆਉਂਦਾ ਏ।

(ਬਚਨਾ ਦਾਖ਼ਿਲ ਹੁੰਦਾ ਹੈ। ਸਿਰ ਤੋਂ ਪੱਗ ਲਾਹ ਕੇ ਦੂਰੋਂ ਹੀ ਮਾਂ ਵਲ ਸੁੱਟਦਾ ਹੈ।)

ਬਚਨਾ : ਸਾਰੀਆਂ ਚੂੜੀਆਂ ਵਿਕ ਗਈਆਂ! ਜੇ ਦੋ ਟੋਕਰੇ ਲੈ ਜਾਂਦਾ ਅੱਜ ਉਹ ਵੀ ਵਿਕ ਜਾਂਦੇ।

ਨਿਹਾਲੀ : ਫਿਰ ਲੈ ਕਿਉਂ ਨਾ ਗਿਆ ?

ਬਚਨਾ : ਮੇਲੇ ਦੇ ਮਜਾਜ ਦਾ ਕੀ ਪਤਾ ? ਪਿਛਲੀ ਵਾਰੀ ਇਕ ਵੀ ਚੂੜੀ ਨਹੀਂ ਸੀ ਵਿਕੀ। ਵਿਕਣ ਲੱਗਣ ਤਾਂ ਮਿੰਟਾਂ ਵਿਚ ਵਿਕ ਜਾਣ, ਜੇ ਨਾ ਵਿਕਣ ਤਾਂ ਭਾਵੇਂ ਸਾਰੇ ਦਿਨ ਬੈਠੇ ਰਹੋ। (ਡੱਬ ਵਿਚੋਂ ਰੁਪਏ ਕੱਢਦਾ ਹੈ) ਲੈ ਫੜ!

ਨਿਹਾਲੀ : ਕਿੰਨੇ ਨੇ ? (ਗਿਣਦੀ ਹੈ) ਇਕ......ਦੋ......ਤਿੰਨ......।

ਬਚਨਾ : ਪੱਚੀ। ਪੂਰੇ ਪੱਚੀ ਨੇ! ਬੋਹਣੀ ਚੰਗੀ ਹੋਈ ਸੀ। ਲਾਲ ਚੁੰਨੀ ਵਾਲੀ ਇਕ ਕੁੜੀ ਨੇ ਆ ਕੇ ਸਭ ਤੋਂ ਪਹਿਲਾਂ ਚੂੜੀਆਂ ਚੜ੍ਹਾਈਆਂ। ਫਿਰ ਡਾਰ ਦੀ ਡਾਰ ਕੁੜੀਆਂ ਦੀ ਆ ਗਈ। ਇਕ ਦੂਜੀ ਤੋਂ ਅੱਗੇ ਹੋ ਹੋ ਹੱਥ ਕਰਦੀਆਂ ਸਨ।

(ਨਿਹਾਲੀ ਰੁਪਏ ਲੜ ਬੰਨ੍ਹ ਲੈਂਦੀ ਹੈ।)

ਮੇਰੇ ਕੁੜਤੇ ਨੂੰ ਬਟਨ ਲਾ ਦਿੱਤੇ ?

ਨਿਹਾਲੀ : ਹਾਂ, ਲਾ ਦਿਤੇ। ਹੁਣ ਤਾਂ ਮੇਰੇ ਕੋਲੋਂ ਧਾਗਾ ਵੀ ਨਹੀਂ ਪੈਂਦਾ ਸੂਈ ਵਿਚ। ਪੁੱਤ,

ਕੋਈ ਬਟਨ ਲਾਉਣ ਵਾਲੀ ਲੈ ਆ, ਮੇਰਾ ਹੱਥ ਹੌਲਾ ਕਰੇ। ਚੁੱਲ੍ਹਾ ਝੋਕਦਿਆਂ ਦੀਦੇ ਰਹਿ ਗਏ ਨੇ ਮੇਰੇ।

ਬਚਨਾ : ਬੇਬੇ, ਮੇਲੇ ਵਿਚ ਭੇਡਾਂ-ਬੱਕਰੀਆਂ ਬਥੇਰੀਆਂ, ਕੁੜੀਆਂ ਕਿੱਥੇ ?

ਨਿਹਾਲੀ : ਏਨੇ ਸਾਲ ਹੋ ਗਏ ਤੇਰੇ ਲਈ ਕੁੜੀ ਟੋਲਦਿਆਂ। ਅੱਜ ਕਲ੍ਹ ਚੰਗੀ ਕੁੜੀ ਤੇ ਚੰਗੀ ਫੁੱਟ ਘਟ ਈ ਮਿਲਦੀ ਐ। ਉਹ ਦੇਖੀ ਸੀ ਲੱਛੂ ਦੀ ਭਤੀਜੀ, ਹਰਾਮਣ ਨਿਕਲੀ। ਰੁਲੀਏ ਦਾ ਘਰ ਚੰਗਾ ਐ, ਪਿੱਛਾ ਵੀ ਸੁੱਖ ਨਾਲ ਠੀਕ ਈ ਐ, ਪਰ ਉਹਨਾਂ ਦੇ ਮਜਾਜ ਦੇ ਕੁਤੇ ਅਸਮਾਨੀ ਭੌਂਕਦੇ ਨੇ। ਸਭ ਦੇਖ ਲਈਆਂ ਇਕ ਇਕ ਕਰਕੇ। ਛੇਕੜ ਹੁਣ ਬਖ਼ਤੌਰੇ ਦੀ ਧੀ ਨਾਲ ਗੱਲ ਤੋਰੀ ਐ।

ਬਚਨਾ : ਉਂਹ! ਬਖ਼ਤੌਰੇ ਦੀ ਧੀ ਨਾਲ ਤਾਂ ਮੈਂ ਕਦੇ ਵੀ ਵਿਆਹ ਨਾ ਕਰਾਂ।

ਨਿਹਾਲੀ : ਮਾੜੀ ਐ ਕੁੜੀ ? ਸੁਖ ਨਾਲ ਥਾਲ ਵਰਗਾ ਮੂੰਹ, ਪੀਂਘ ਵਰਗੀ ਲੰਮੀ, ਪਾਣੀ ਦੇ ਤਿੰਨ ਤਿੰਨ ਘੜੇ ਸਿਰ ਤੇ ਚੁੱਕ ਕੇ ਤੁਰਦੀ ਐ — ਮੋਰਨੀ ਵਾਂਗ। ਰਤਾ ਉਸ ਦੇ ਬੁੱਲ੍ਹ ਮੋਟੇ ਤੇ ਰੰਗ ਕਣਕ-ਭਿੰਨਾ ਐ।

ਬਚਨਾ : ਪੁੱਠੇ ਤਵੇ ਵਰਗੀ ਤੇ ਊਠ ਵਾਂਗ ਲਮਕਦੇ ਬੁੱਲ੍ਹ।

ਨਿਹਾਲੀ : ਤੂੰ ਪਹਿਲਾਂ ਆਪਣੀ ਸ਼ਕਲ ਦੇਖ! ਬੰਦੇ ਨੂੰ ਆਪਣੀ ਪਰੋਖੋਂ ਦੇਖ ਕੇ ਗੱਲ ਕਰਨੀ ਚਾਹੀਦੀ ਐ। ਵੇ, ਉਹਨਾਂ ਸਾਹਮਣੇ ਸਾਡੀ ਕੀ ਮਜਾਲ ? ਸਭ ਤੋਂ ਵੱਡੇ ਕਾਰੀਗਰ ਨੇ। ਉਹਨਾਂ ਦੀਆਂ ਚੂੜੀਆਂ ਤਾਂ ਪਟਿਆਲੇ ਤੀਕ ਜਾਂਦੀਆਂ ਨੇ। ਲੱਛਮੀ ਤੁਰ ਕੇ ਘਰ ਆਉਂਦੀ ਐ, ਉਸ ਨੂੰ ਧੱਕਾ ਦੇ ਦੇਈਏ ? ਸਾਰੀ ਉਮਰ ਠੂਠਾ ਫੜੀ, ਬੈਠਾ ਰਹੇਂਗਾ, ਵੱਡੇ ਮਜਾਜਾਂ ਵਾਲਾ!

ਬਚਨਾ : ਮੈਨੂੰ ਤਾਂ ਭਾਵੇਂ ਉਹ ਸੋਨੇ ਨਾਲ ਤੋਲ ਕੇ ਦੇਣ, ਤਾਂ ਵੀ ਵਿਆਹ ਨਾ ਕਰਾਂ।

ਨਿਹਾਲੀ : ਉਂਹ, ਗੰਜੀ ਬਾਂਦਰੀ ਤੇ ਸਿਰ ਨੂੰ ਅਤਰ ਫੁਲੇਲ। ਬਖ਼ਤਰੇ ਦੇ ਘਰੋਂ ਸਾਕ ਲੈਣ ਲਈ ਸਾਰਾ ਪਿੰਡ ਤਰਸਦਾ ਐ। ਉਹਨਾਂ ਦੀ ਖੁਰਲੀ ਤੇ ਬਾਰਾਂ ਮੱਝਾਂ ਝੂਲਦੀਆਂ ਨੇ, ਸਾਡੀ ਕੁੱਲੀ 'ਚ ਦੋ ਬੱਕਰੀਆਂ ਵੀ ਨਹੀਂ!

ਬਚਨਾ : ਮੈਂ ਮੱਝ ਨਾਲ ਵਿਆਹ ਨਹੀਂ ਕਰਵਾਉਣਾ।

ਨਿਹਾਲੀ : ਪੱਟ ਦਿਤਾ ਰੀਸਾਂ ਨੇ। ਸੋਢੀਆਂ ਦੇ ਪੁੱਤ ਵਾਂਗ ਸ਼ਕੀਨੀਆਂ ਕਰਦੈਂ। ਲੋਕ ਝੂਠ ਨਹੀਂ ਆਖਦੇ, ਤੂੰ ਅੱਜ ਕਲ੍ਹ ਤਾਰੋ ਪਿੱਛੇ ਲਗਿਆ ਹੋਇਆ ਐਂ।

ਬਚਨਾ : ਤਾਰੋ ?

ਨਿਹਾਲੀ : ਆਹੋ, ਮੈਨੂੰ ਕਈਆਂ ਨੇ ਦੱਸਿਆ ਏ!

ਬਚਨਾ : ਤਾਰੋ ਵਰਗੀ ਸੁਹਣੀ ਮੈਨੂੰ ਇਕ ਕੁੜੀ ਦਿਖਾ ਦੇ ਕਿਤੇ।

ਨਿਹਾਲੀ : ਚਿੱਟ, ਚਮੜੀ ਤੇ ਮਰਿਆ ਫਿਰਦੈਂ! ਚੱਟ ਲਈਂ ਉਹਦੀ ਚਿੱਟੀ ਚਮੜੀ ਨੂੰ। ਤੇ ਇਧਰ ਆਪਣੇ ਨਾਲ ਉਸ ਨੇ ਦੋ ਪਾਟੇ ਲੀੜੇ ਵੀ ਨਹੀਂ ਲੈ ਕੇ ਆਉਣੇ। ਬਖ਼ਤੌਰੇ ਦੀ ਧੀ ਅੰਤਾਂ ਦਾ ਧੰਨ ਲੈ ਕੇ ਆਊਗੀ। ਗਹਿਣੇ-ਗੱਟੇ ਸਾਂਭੇ ਨਹੀਂ ਸੰਭਲਣੇ।

ਬਚਨਾ : ਜੇ ਬਖ਼ਤੌਰੇ ਕੋਲ ਏਨਾ ਈ ਧਨ ਐ ਤਾਂ ਕਿਸੇ ਹੋਰ ਨੂੰ ਦੇਵੇ — ਮੈਨੂੰ ਕਾਸੇ ਦੀ ਲੋੜ ਨਹੀਂ। ਪਰ ਤਾਰੋ, ਜਦ ਕਦੇ ਉਹ ਮਿਲ ਜਾਂਦੀ ਐ...ਪਰਸੋਂ ਜੁਲਾਹਿਆਂ ਦੇ ਘਰੋਂ ਤੁਰੀ ਆਉਂਦੀ ਸੀ। ਉਸ ਦੇ ਕੁੱਛੜ ਕਾਲੀ ਪੱਠ ਸੀ। ਝੁਸ ਦੇਖ ਕੇ ਖਾਏਂ ਖੜਾ ਰਹਿ ਗਿਆ।

ਨਿਹਾਲੀ : ਵੇ ਚੁੱਪ ਕਰ! ਅੱਜ ਵੀ ਉਸੇ ਨੂੰ ਮੇਲੇ ਵਿਚ ਦੇਖ ਆਇਆ ਹੋਏਂਗਾ, ਤਦੇ

ਸਾਹ ਚੜ੍ਹਿਆ ਹੋਇਐ। ਪੁੱਤ, ਸੁਹਣੀ ਕੁੜੀ ਵੀ ਕਦੇ ਫਲੀ ਐ ਕਿਸੇ ਨੂੰ ? ਉਸ ਤੈਨੂੰ ਕਬੂਤਰ ਬਣਾ ਕੇ ਨਚਾਉਣਾ ਐ, ਕਬੂਤਰ! ਹੱਸਦੀ ਐ ਜਿਵੇਂ ਉਸ ਦਾ ਸਿਰ ਭੌਂ ਗਿਆ ਹੋਵੇ।

ਬਚਨਾ : ਜਿਹੜੀ ਕੁੜੀ ਹੱਸਦੀ ਨਹੀਂ, ਮੈਨੂੰ ਚੰਗੀ ਨਹੀਂ ਲੱਗਦੀ। ਇਸ ਪਿੰਡ ਵਿਚ ਸਾਰੀਆਂ ਕੁੜੀਆਂ ਦੇ ਹਾਸਿਆਂ ਉਤੇ ਜੰਦਰੇ ਵੱਜੇ ਹੋਏ ਨੇ।

ਨਿਹਾਲੀ : ਜਿਨ੍ਹਾਂ ਕੁੜੀਆਂ ਦੀ ਸ਼ਰਮ-ਹਯਾ ਮੁੱਕੀ ਹੁੰਦੀ ਐ, ਮਰਦਾਂ ਦੀ ਜਾਤ ਉਹਨਾਂ ਤੇ ਹੀ ਮਰਦੀ ਐ। ਤੇਰਾ ਪਿਉ ਵੀ ਕਿਸੇ ਬਾਜੀਗਰਨੀ ਪਿੱਛੇ ਮੈਨੂੰ ਛੱਡ ਕੇ ਚਲਾ ਗਿਆ ਸੀ। ਪਤਾ ਨਹੀਂ ਉਸ ਨੇ ਕੀ ਘੋਲ ਕੇ ਪਿਲਾ ਦਿਤਾ ਸੀ ਉਸਨੂੰ। ਜਿੱਦਣ ਉਸ ਨਿਕਲਣਾ ਸੀ, ਪਹਿਲਾਂ ਹੀ ਮੇਰਾ ਮੱਥਾ ਠਣਕਿਆ। ਉਹ ਮੇਲੇ ਵਿਚ ਚੂੜੀਆਂ ਵੇਚਣ ਜਾ ਰਿਹਾ ਸੀ। ਉਸ ਸਾਵੀ ਪੱਗ ਬੰਨ੍ਹੀ ਹੋਈ ਸੀ। ਬੜਾ ਸੁਹਣਾ ਲੱਗ ਰਿਹਾ ਸੀ ਉਹ। ਤਰਕਾਲਾਂ ਢਲ ਗਈਆਂ। ਰਾਤ ਪੈ ਗਈ। ਫਿਰ ਮੀਂਹ ਪੈਣ ਲੱਗ ਪਿਆ ਮੈਂ ਉਸ ਨੂੰ ਉਡੀਕਦੀ ਰਹੀ...ਅਗਲੇ ਦਿਨ ਪਤਾ ਲਗਿਆ ਕਿ ਉਹ ਮੇਰੇ ਕੋਲੋਂ ਸਦਾ ਲਈ ਵਿਛੜ ਗਿਆ ਸੀ, ਸਦਾ ਲਈ...ਤੂੰ ਉਦੋਂ ਛੇ ਵਰ੍ਹਿਆਂ ਦਾ ਸੈਂ।

(ਰੋਂਦੀ ਹੈ।)

ਬਚਨਾ : ਜਦੋਂ ਵੀ ਕੋਈ ਗੱਲ ਹੁੰਦੀ ਐ ਬੇਬੇ, ਤੂੰ ਬਾਪੂ ਦਾ ਨਾਂ ਲੈ ਕੇ ਰੋਣ ਲੱਗ ਪੈਂਦੀ ਐਂ।

ਨਿਹਾਲੀ : ਪੁੱਤ, ਮੇਰਾ ਤਾਂ ਹੁਣ ਸਭ ਕੁਝ ਤੂੰ ਹੀ ਐਂ। ਸਭ ਕੁਝ। ਆਪਣੇ ਬਾਪੂ ਦੀ ਨਿਸ਼ਾਨੀ। ਉਸੇ ਦੀ ਮੂਰਤ। ਉਹੀ ਮੱਥਾ, ਉਹੀ ਨੱਕ, ਸਾਵੇਂ ਦਾ ਸਾਵਾਂ...ਹਾਏ, ਕਿਤੇ ਨਜ਼ਰ ਨਾ ਲੱਗ ਜਾਏ ਮੇਰੇ ਪੁੱਤ ਨੂੰ! ਆ, ਏਧਰ ਆ ਕੇ ਬੈਠ ਮੇਰੇ ਨੇੜੇ। (ਖਿੱਚ ਕੇ ਆਪਣੇ ਕੋਲ ਕਰਦੀ ਹੈ) ਤੀਵੀਂ ਨੂੰ ਸਦਾ ਹੀ ਮਨੁੱਖ ਦੀ ਛਾਂ ਦੀ ਲੋੜ ਐ। ਕੁੜੀ ਹੁੰਦੀ ਐ, ਤਾਂ ਉਹ ਆਪਣੇ ਪਿਉ ਦੀ ਛਤਰ-ਛਾਇਆ ਹੇਠ ਪਲਦੀ ਐ; ਜਦ ਜਵਾਨ ਹੋ ਜਾਂਦੀ ਐ ਤਾਂ ਉਸ ਦਾ ਖ਼ਾਵੰਦ ਉਸ ਦਾ ਮਾਲਕ ਹੁੰਦੈ; ਤੇ ਜਦ ਸਿਆਣੀ ਅਵਸਥਾ ਨੂੰ ਪੁੱਜ ਜਾਂਦੀ ਐ ਤਾਂ ਪੁੱਤ ਉਸ ਦੀ ਰਾਖੀ ਕਰਦਾ ਐ। ਪੁੱਤਾ, ਤੂੰ ਮੇਰੇ ਆਖੇ ਤੋਂ ਬਾਹਰ ਨਹੀਂ ਜਾ ਸਕਦਾ। ਮੇਰੀ ਗੱਲ ਉਤੇ ਨੰਨਾ ਨਹੀਂ ਫੇਰ ਸਕਦਾ।

ਬਚਨਾ : ਹਾਂ ਬੇਬੇ, ਮੈਂ ਤੇਰੀ ਗੱਲ ਕਦੋਂ ਟਾਲੀ ਐ। ਤੂੰ ਐਵੇਂ ਗੁੱਸੇ ਹੋਣ ਲੱਗ ਪਈ ਐਂ। ਐਵੇਂ ਸੰਸੇ ਲਾ ਬੈਠਦੀ ਐਂ।

ਨਿਹਾਲੀ : ਮੈਂ ਸਦਕੇ ਜਾਵਾਂ ਆਪਣੇ ਪੁੱਤ ਦੇ! ਬੱਗੇ ਸ਼ੇਰ ਦੇ! ਸੁਹਣੇ ਲਾਲ ਦੇ! (ਗੱਲ ਬਦਲ ਕੇ) ਮੇਲੇ 'ਚੋਂ ਕੀ ਲਿਆਂਦਾ ਏ ਮੇਰੇ ਲਈ ?

ਬਚਨਾ : ਆਹ ਦੇਖ, ਚੁੰਨੀ।

ਨਿਹਾਲੀ : ਹਾਏ, ਹੁਣ ਮੈਂ ਕੋਈ ਕੁੜੀ ਕੱਤਰੀ ਆਂ ਜੋ ਚੰਗਿਆੜੇ-ਰੰਗੀ ਚੁੰਨੀ ਲਵਾਂਗੀ ? ਵੇ ਮੇਰੇ ਸਿਰ ਤੇ ਧੌਲਾ ਝਾਟਾ ਐ। ਬੁੱਢੀ ਘੋੜੀ ਤੇ ਲਾਲ ਲਗਾਮ!

ਬਚਨਾ : (ਚੁੰਨੀ ਉਸ ਦੇ ਸਿਰ ਉਤੇ ਦੇ ਕੇ) ਬੇਬੇ, ਤੂੰ ਬੜੀ ਚੰਗੀ ਲੱਗਦੀ ਐਂ।

ਨਿਹਲੀ : ਨਹੀਂ ਪੁੱਤ, ਇਹ ਤੇਰੀ ਬਹੂ ਲਈ ਐ। ਸਾਂਭ ਕੇ ਰੱਖ ਦਿਊਂਗੀ ਪਰਛੱਤੀ ਵਾਲੇ ਪਟਿਆਰ ਵਿਚ ਆਪਣੀ ਨੂੰਹ ਲਈ।

ਬਚਨਾ : ਤੈਨੂੰ ਸਜਦੀ ਐ। ਸਗੋਂ ਚਿੱਟੇ ਵਾਲਾਂ ਉਤੇ ਤਾਂ ਇਹ ਬਹੁਤ ਹੀ ਫਬਦੀ ਐ।

ਨਿਹਾਲੀ : ਚਹੇਡਾਂ ਕਰਦਾ ਐਂ ? ਫਿਟੇ ਮੂੰਹ! ਅੰਨ੍ਹਾਂ ਜੁਲਾਹ, ਮਾਂ ਨਾਲ ਮਸ਼ਕਰੀਆਂ (ਚੁੰਨੀ

ਦੀ ਤਹਿ ਕਰਦੀ ਹੈ) ਇਹ ਰਖੂੰਗੀ ਤੇਰੀ ਬਹੂ ਲਈ। ਸੁੱਖ ਨਾਲ ਉਹੀ ਲਊ। ਮੇਰਾ ਸੁਹਣਾ ਪੁੱਤ! ਕੇਡੇ ਸੁਹਣੇ ਹੱਥ ਨੇ ਤੇਰੇ! ਕੇਡਾ ਡੀਲ ਡੌਲ! ਸਾਵਾਂ ਪਿਉ ਵਰਗਾ।

(ਬਾਹਰੋਂ ਟੱਲੀਆਂ ਦੀਆਂ ਆਵਾਜ਼ਾਂ।)

ਬਚਨਾ : (ਸੁਣ ਕੇ) ਮੇਲਾ ਹਾਲੇ ਛਿੜਿਆ ਨਹੀਂ ਜਾਪਦਾ। ਲੋਕਾਂ ਦੀਆਂ ਬੋਲੀਆਂ ਸੁਣਾਈ ਦੇਂਦੀਆਂ ਨੇ ਤੇ ਘੋੜੀਆਂ ਦੀਆਂ ਝਾਂਜਰਾਂ। ਮੇਲੇ ਵਿਚ ਮੇਰੇ ਕੋਲੋਂ ਏਨੀਆਂ ਕੁੜੀਆਂ ਚੂੜੀਆਂ ਚੜ੍ਹਵਾ ਕੇ ਲੈ ਗਈਆਂ, ਪਰ ਤਾਰੋ ਨਾ ਆਈ।

ਨਿਹਾਲੀ : ਉਸ ਬੈਂਤਲ ਦਾ ਕੀ ਬਹੁ!

ਬਚਨਾ : ਤੂੰ ਐਨਾ ਕਿਉਂ ਬੋਲਦੀ ਐਂ ਉਸ ਦੇ ਖ਼ਿਲਾਫ਼ ? ਤੂੰ ਤਾਂ ਉਸ ਨੂੰ ਜਾਣਦੀ ਵੀ ਨਹੀਂ।

ਨਿਹਾਲੀ : ਵੇ ਮੈਂ ਜਾਣਦੀ ਆਂ। ਉਸ ਦੇ ਪੋਤੜਿਆਂ ਤੋਂ ਵਾਕਿਫ਼ ਆਂ। ਉਸ ਦੀ ਮਾਂ ਤੇ ਉਸ ਦੀ ਨਾਨੀ ਨੂੰ ਵੀ ਜਾਣਦੀ ਆਂ। ਗਏ ਘਰ ਦੀ! ਮਾਮੇ ਕੋਲ ਰਹਿੰਦੀ ਐ। ਸਾਰਾ ਦਿਨ ਨਸ਼ੇ 'ਚ ਗੁੱਟ ਪਿਆ ਰਹਿੰਦੈ। ਉਹ ਠੇਕੇ ਵਿਚ ਜਾ ਵੜਦੈ ਤੇ ਉਹ ਪਿਛੋਂ ਪਤਾ ਨਹੀਂ ਕੰਧਾਂ ਕੋਠੇ ਟੱਪ ਕੇ ਕਿਥੇ ਕਿਥੇ ਜਾਂਦੀ ਐ। ਅਜਿਹੀਆਂ ਕੁੜੀਆਂ ਨੇ ਮੇਲਿਆਂ ਠੇਲਿਆਂ 'ਚ ਈ ਘੁੰਮਣਾ ਹੋਇਆ ਨਾ। ਥੂਹ!

(ਤਾਬਾਂ ਦਾਖ਼ਿਲ ਹੁੰਦੀ ਹੈ।)

ਤਾਬਾਂ : ਕਿਉਂ ਫੇਰ ਮਾਂ-ਪੁੱਤ ਰੁੱਸੇ ਹੋਏ ਓ ?

ਨਿਹਾਲੀ : ਹੋਰ, ਪੋਹ ਦੇ ਜੰਮੇ ਨੇ ਮਾਂ ਨਾਲ ਹੀ ਖਹਿਣਾ ਹੋਇਆ ਨਾ।

ਤਾਬਾਂ : ਅੱਜ ਸੰਗਰਾਂਦ ਐ। ਮਾਂ ਪੁੱਤ ਦੀ ਲੜਾਈ ਚੰਗੀ ਨਹੀਂ। ਵਿਆਹ ਖ਼ਾਤਰ ਲੜਦੈ।

ਨਿਹਾਲੀ : ਵਿਆਹ ਵੀ ਤਾਂ ਤੇਰੇ ਹੀ ਸਹਾਰੇ ਐ। ਹੁਣ ਬਚਨੇ ਦਾ ਕਿਤੇ ਤੋਪਾ ਭਰ ਦੇ।

(ਬਚਨਾ ਗ਼ੁੱਸੇ ਵਿਚ ਜਾਂਦਾ ਹੈ।)

ਤਾਬਾਂ : ਰੁੱਸ ਗਿਆ ?

ਨਿਹਾਲੀ : ਨੀ ਜਾਣ ਦੇ, ਐਵੇਂ ਕਿੱਲੇ ਤੁੜਾਉਂਦਾ ਫਿਰਦੈ।

ਤਾਬਾਂ : ਵਿਆਹ ਦੀ ਲੋੜ ਐ ਇਸ ਨੂੰ।

ਨਿਹਾਲੀ : ਤੂੰ ਗੱਲ ਤੋਰੀ ਸੀ ਕਿਤੇ ?

ਤਾਬਾਂ : ਬਖ਼ਤੌਰੇ ਦੇ ਘਰ ਗਈ ਸੀ ਤਾਂ ਸੁਖ ਨਾਲ ਬਚਨੇ ਦੀ ਗੱਲ ਵੀ ਨਾ ਕਰਦੀ ? ਮੈਂ ਸਾਰੀ ਗੱਲ ਨਰੜ ਦਿਤੀ, ਸਭ ਕੁਝ ਹੋ ਗਿਆ ਤਾਂ ਉਸ ਦੀ ਭੂਆ ਨੇ ਭਾਨੀ ਮਾਰ ਦਿਤੀ. ਤੇ ਗੱਲ ਛੇਕੜਲੇ ਟੱਬੇ ਤੋਂ ਹੇਠਾਂ ਡਿਗ ਪਈ।

ਨਿਹਾਲੀ : ਕਿਵੇਂ ?

ਤਾਬਾਂ : ਉਸ ਦੀ ਭੂਆ ਨੇ ਆਖਿਆ, 'ਬਚਨੇ ਕੋਲ ਹੈ ਹੀ ਕੀ ? ਇਕ ਝੱਗਾ ਕੁੜਤਾ ਤੇ ਟੋਰੇ ਵਾਲੀ ਪੱਗ। ਨਾ ਘਰ ਨਾ ਬਾਰ। ਨਾ ਜ਼ਮੀਨ ਨਾ ਜਾਇਦਾਦ। ਚੂੜੀਆਂ ਦਾ ਇਕ ਟੋਕਰਾ। ਕੀ ਅਸੀਂ ਇਸ ਟੋਕਰੇ ਨਾਲ ਵਿਆਹ ਕਰ ਦੇਈਏ ਕੁੜੀ ਦਾ ?'

(ਨਿਹਾਲੀ ਰੁਪਿਆ ਉਸ ਦੇ ਹੱਥ ਉਤੇ ਧਰਦੀ ਹੈ।)

ਤਾਬਾਂ : ਪਰ—

ਨਿਹਾਲੀ : ਪਰ ਕੀ ?

ਤਾਬਾਂ : ਪਰ ਮੈਂ ਗੱਲ ਦੀ ਅਜਿਹੀ ਪੱਟੀ ਬੰਨ੍ਹੀ ਕਿ ਸਭ ਕੁਝ ਠੀਕ ਹੋ ਗਿਆ। ਬਖ਼ਤੌਰੇ

ਆਖਿਆ, 'ਕੁੜੀ ਪਰਾਇਆ ਧਨ ਏ। ਮੈਂ ਤਾਂ ਇਸ ਦਾ ਰਾਖਾ ਹਾਂ। ਆਪਣੇ ਘਰ ਜਾਵੇ ਤਾਂ ਮੈਂ ਸੁਖਾਲਾ, ਪਰ ਕਿਸੇ ਚੰਗੇ ਆਦਮੀ ਦੇ ਘਰ।' ਬੇਬੇ ਆਦਮੀ ਦਾ ਚੰਗ ਮੰਦ ਹੀ ਹੁੰਦੈ। ਜੇ ਹੱਡਾਂ ਦਾ ਤਗੜਾ ਹੋਵੇ ਤੇ ਖ਼ਾਨਦਾਨ ਵਿਚ ਕੋਈ ਅੱਲ ਨਾ ਹੋਵੇ ਤਾਂ ਭਾਗਾਂ ਵਾਲਾ। ਰੁਪਈਏ ਉਸ ਦੇ ਸਿਰ ਉਤੇ ਇਉਂ ਡਿਗਦੇ ਨੇ ਜਿਵੇਂ ਬੇਰੀ ਨੂੰ ਹਲੂਣਨ ਨਾਲ ਪੱਕੇ ਪੱਕੇ ਬੇਰ।

(ਨਿਹਾਲੀ ਉਸ ਨੂੰ ਰੁਪਈਆ ਦੇਂਦੀ ਹੈ।)

ਨਿਹਾਲੀ : ਲੈ ਫੜ ਤੇਰੇ ਭਾਗਾਂ ਦਾ, ਚਿੜੇ ਦੀ ਜੀਭ ਵਰਗਾ!

(ਰੁਪਈਆ ਡਿਗ ਪੈਂਦਾ ਹੈ ਤੇ ਰਿੜ੍ਹ ਜਾਂਦਾ ਹੈ।)

ਤਾਬਾਂ : ਉਹੂ, ਨਖ਼ਸਮੇ ਦਾ! ਮੇਰੇ ਹਥੋਂ ਤਿਲ੍ਹਕ ਗਿਆ, ਰੁੜ੍ਹ ਜਾਣਾ! ਚਲ, ਜਾਵੇਂਗਾ ਕਿਥੇ ? ਮੈਂ ਵੀ ਤੇਰੇ ਮਗਰੇ ਮਗਰ ਆਂ।

(ਉਹ ਰੁਪਈਆ ਚੁੱਕ ਕੇ ਨੇਫ਼ੇ ਵਿਚ ਟੁੰਗ ਲੈਂਦੀ ਹੈ।)

ਨਿਹਾਲੀ : ਰਕਾਣ ਨੂੰ ਕਿਵੇਂ ਗੱਲਾਂ ਆਉਂਦੀਆਂ ਨੇ। ਬਸ ਜੀਭ ਦਾ ਦਿਤਾ ਖਾਨੀ ਏਂ।

ਤਾਬਾਂ : ਹਾਂ ਪਰਭਾਣੀ, ਜੀਭ ਮਿੱਠੀ ਚਾਹੀਦੀ ਏ। ਤਲਵਾਰ ਦਾ ਫੱਟ ਮਿਲ ਜਾਂਦਾ ਏ, ਜੀਭ ਦਾ ਵਾਰ ਨਹੀਂ ਮਿਲਦਾ। ਜੀਭ ਦਾ ਬੋਲਿਆ ਖਾਨਦਾਨਾਂ ਨੂੰ ਪਾਟ ਦੇਵੇ ਤੇ ਪਾਟਿਆਂ ਦਾ ਮੇਲ ਕਰਾ ਦੇਵੇ। ਅੱਜ ਕਲ੍ਹ ਤੇ ਜੀਪ ਦਾ ਈ ਰਾਜ ਏ, ਤੇ ਜੀਭ ਤੋਂ ਵਧ ਰਾਜ ਏ ਮਾਇਆ ਦਾ।

ਨਿਹਾਲੀ : ਫੇਰ ਪੈਸਿਆਂ ਦਾ ਰਾਗ ਛੇੜ ਬੈਠੀ। ਇਸ ਦਾ ਢਿੱਡ ਐ ਕਿ ਖੂਹ ? ਕਿੰਨੇ ਪੈਸੇ ਦੇ ਦਿਉ, ਭਰਨ ਵਿਚ ਈ ਨਹੀਂ ਆਉਂਦਾ। ਲੈ ਫੜ।

ਤਾਬਾਂ : ਕੀ ?

ਨਿਹਾਲੀ : ਗੁੜ ਦੀ ਡਲੀ।

ਤਾਬਾਂ : ਜਿਊਂਦੀ ਰਹੇਂ। ਤੇਰੀ ਵੇਲ ਵਧੇ।

(ਨਿਹਾਲੀ ਚਲੀ ਜਾਂਦੀ ਹੈ। ਬਚਨਾ ਦਾਖ਼ਿਲ ਹੁੰਦਾ ਹੈ। ਤਾਬਾਂ ਉਸ ਵਲ ਵਧਦੀ ਹੈ। ਦੋ ਨਟੀਆਂ ਮੰਚ ਉਤੇ ਚੂੜੀਆਂ ਦੇ ਟੰਗਣੇ ਲਿਆ ਰਖਦੀਆਂ ਹਨ।)

ਤਾਬਾਂ : ਤੂੰ ਦੌੜ ਗਿਆ ਸੈਂ ਜਦ ਮੈਂ ਤੇਰੀ ਬਹੂ ਦੀ ਗੱਲ ਕੀਤੀ। ਮਾਸੀ ਦੇ ਲੱਡੂ ਦੱਬਣ ਦੀਆਂ ਸਲਾਹਾਂ ਕਰਦੈਂ ?

ਬਚਨਾ : ਤੈਨੂੰ ਲੱਡੂਆਂ ਦੀ ਪਈ ਏ, ਮੈਂ ਨਹੀਂ ਵਿਆਹ ਕਰਾਣਾ ਉਸ ਊਠਣੀ ਨਾਲ।

ਤਾਬਾਂ : ਹਾ ਹਾ ਹਾ...ਜਦੋਂ ਜਵਾਨ ਮੁੰਡਾ ਨਾਂਹ ਨਾਂਹ ਕਰੇ ਤਾਂ ਸਮਝੋ ਉਸ ਦੇ ਦਿਲ ਵਿਚ ਲੱਡੂ ਫੁੱਟ ਰਹੇ ਨੇ। ਘੋੜੀ ਚੜ੍ਹਨ ਨੂੰ ਤਰਸ ਰਿਹਾ ਏ। ਮੈਂ ਜਾਣਦੀ ਆਂ। ਦਾਈ ਕੋਲੋਂ ਢਿੱਡ ਲੁਕਾਨਾ ਏਂ ? ਤੇਰੇ ਵਰਗੇ ਨਾਂਹ ਨਾਂਹ ਕਰਦੇ ਮੈਂ ਕਈ ਸੌ ਵਿਆਹੇ ਹੋਣਗੇ...ਹਾ ਹਾ ਹਾ...।

(ਉਹ ਚਲੀ ਜਾਂਦੀ ਹੈ।)

ਬਚਨਾ : ਟੱਲੀਆਂ ਖੜਕਦੀਆਂ ਸੁਣਦੀਆਂ ਨੇ। ਨਹੀਂ, ਇਹ ਤਾ ਕੋਈ ਹੱਸ ਰਿਹਾ ਐ। ਤਾਰੋ ਐ। ਰੱਬ ਕਰੇ ਉਹ ਇਥੇ ਆ ਜਾਵੇ।

(ਤਾਰੋ ਆਉਂਦੀ ਹੈ। ਉਸ ਕੋਲ ਨਿੱਕੀ ਜਿਹੀ ਪੋਟਲੀ ਹੈ ਤੇ ਪਿੰਜਰੇ ਵਿਚ ਤੋਤਾ। ਪਿੰਜਰਾ ਇਕ ਪਾਸੇ ਟਿਕਾ ਕੇ – ਉਹ ਬਚਨੇ ਦੀ ਦੁਕਾਨ ਉਤੇ ਆ ਖਲੋਂਦੀ ਹੈ ਤੇ ਤੱਕਣ ਲੱਗਦੀ ਹੈ।)

ਕੀ ਲੈਣੈ ? ਚੂੜੀਆਂ ?

ਤਾਰੋ : ਹਾਂ, ਸਾਰੇ ਮੇਲੇ ਵਿਚ ਇਹੋ ਜਿਹੀਆਂ ਚੂੜੀਆਂ ਕਿਤੇ ਨਹੀਂ ਮਿਲੀਆਂ।

ਬਚਨਾ : ਪਸੰਦ ਕਰ, ਕਿਹੜੀਆਂ ?

ਤਾਰੋ : ਉਹ ਲਾਲ ਰੰਗ ਦੀਆਂ। ਭਲਾ ਇਹ ਦਿਖਾਈਂ ਸ਼ਰਬਤੀ।

ਬਚਨਾ : ਲੈ ਦੇਖ ਲੈ ਚੰਗੀ ਤਰ੍ਹਾਂ।

ਤਾਰੋ : ਤੇ ਉਹ ਅਸਮਾਨੀ ਗਜਰੇ ਜਿਨ੍ਹਾਂ ਵਿਚ ਤਾਰੇ ਜੜੇ ਹੋਏ ਨੇ।

ਬਚਨਾ : ਆਹ ਲੈ।

ਤਾਰੋ : ਮੈਨੂੰ ਕਿਹੜਾ ਰੰਗ ਚੰਗਾ ਲਗੂ ?

ਬਚਨਾ : ਚੰਗੇ ਰੰਗ ਉਤੇ ਹਰ ਚੂੜੀ ਫਬਦੀ ਐ।

ਤਾਰੋ : ਚੰਗਾ ਫੇਰ, ਇਹ ਦੋਵੇਂ ਰੰਗਾਂ ਦੀਆਂ ਚੜ੍ਹਾ ਦੇ।

(ਚੂੜੀਆਂ ਚੜ੍ਹਾਉਂਦਾ ਹੈ।)

ਤਾਰੋ : ਮੈਂ ਆਪਣੀਆਂ ਸਹੇਲੀਆਂ ਨਾਲ ਚੱਕਰ-ਚੂੰਢਾ ਝੂਟਣ ਆਈ ਸਾਂ। ਲੱਕੜ ਦੇ ਘੋੜੇ ਤੇ ਬੈਠੀ ਗੇੜੇ ਖਾਂਦੀ ਰਹੀ। ਮੈਨੂੰ ਘੁਮੇਰ ਚੜ੍ਹ ਗਈ ਤੇ ਉਧਾਲੇ ਆ ਗਈ, ਜਿਵੇਂ ਮੈਂ ਦਾਰੂ ਪੀਤੀ ਹੁੰਦੀ ਐ।

ਬਚਨਾ : ਉਸ ਦਿਨ ਮੈਂ ਤੈਨੂੰ ਗਲੀ 'ਚੋਂ ਜਾਂਦੀ ਨੂੰ ਦੇਖਿਆ। ਤੂੰ ਮੋਢੇ ਤੇ ਪੱਠ ਚੁੱਕੀ ਹੋਈ ਸੀ ਤੇ ਤੇਰੀਆਂ ਸਹੇਲੀਆਂ ਮਸ਼ਕਰੀਆਂ ਕਰਦੀਆਂ ਤੇਰੇ ਨਾਲ ਸਨ। ਸਾਰੀਆਂ ਕੁੜੀਆਂ ਮੇਰੀ ਦੁਕਾਨ ਤੇ ਮੈਥੋਂ ਚੂੜੀਆਂ ਲੈਣ ਆਈਆਂ, ਪਰ ਤੂੰ ਕਦੇ ਵੀ ਨਾ ਆਈ।

ਤਾਰੋ : ਮੇਰਾ ਮਾਮਾ ਆਖਦੈ, ਚੂੜੀਆਂ ਵਾਲੇ ਕੁੜੀਆਂ ਦਾ ਹੱਥ ਫੜ ਲੈਂਦੇ ਨੇ।

ਬਚਨਾ : ਹੱਥ ਫੜੇ ਬਾਝੋਂ ਚੂੜੀਆਂ ਚੜ੍ਹਾਵਾਂ ਵੀ ਕਿਸ ਤਰ੍ਹਾਂ ?

ਤਾਰੋ : ਹਾਂ, ਇਹ ਤਾਂ ਠੀਕ ਐ...ਪਰ ਮੇਰਾ ਮਾਮਾ ਹੁਣ ਮੈਨੂੰ ਘਟ ਹੀ ਨਿਕਲਣ ਦੇਂਦਾ ਐ ਘਰੋਂ।

ਬਚਨਾ : ਕਿਉਂ ?

ਤਾਰੋ : ਮੇਰਾ ਵਿਆਹ ਹੋਣ ਵਾਲਾ ਏ। ਮੇਲੇ ਵਿਚੋਂ ਮੈਂ ਲਾਲ ਪਰਾਂਦੀ, ਦੰਦਾਸਾ ਤੇ ਮਹਿੰਦੀ ਲਿਆਂਦੀ ਏ। ਆਹ ਦੇਖ।

ਬਚਨਾ : ਕਦੋਂ ਹੋ ਰਿਹਾ ਏ ਤੇਰਾ ਵਿਆਹ ?

ਤਾਰੋ : ਪੂਰਨਮਾਸ਼ੀ ਨੂੰ, ਜਦ ਪੂਰਾ ਚੰਦ ਚਮਕੂਗਾ।

ਬਚਨਾ : ਕਿਹਦੇ ਨਾਲ ?

ਤਾਰੋ : ਇਹ ਤਾਂ ਪਤਾ ਨਹੀਂ।

ਬਚਨਾ : ਕੌਣ ਐ ਉਹ ?

ਤਾਰੋ . ਮੇਰੇ ਮਾਮੇ ਨੇ ਦੇਖਿਆ ਏ।

ਬਚਨਾ : ਕਿਹੋ ਜਿਹਾ ਏ ਉਹ ?

ਤਾਰੋ : ਚੰਗਾ ਹੀ ਹੋਊ। ਦੋ ਵੇਲੇ ਰੋਟੀ ਤਾਂ ਦੇਊ। ਕੁੜੀ ਨੂੰ ਹੋਰ ਕੀ ਚਾਹੀਦੈ – ਰਹਿਣ ਨੂੰ ਘਰ, ਤੇ ਖਾਣ ਨੂੰ ਰੋਟੀ।

ਬਚਨਾ : ਹੋਰ ਕੁਝ ਨਹੀਂ ?

ਤਾਰੋ : ਹੂੰ...ਪਹਿਨਣ ਨੂੰ ਕਪੜੇ।

ਬਚਨਾ : ਹੋਰ ?

ਤਾਰੋ : ਹੋਰ...(ਸੋਚ ਕੇ, ਇਕਦਮ) ਚੂੜੀਆਂ। (ਹੱਸਦੀ ਹੈ) ਇਹ ਚੂੜੀਆਂ ਵੀ ਚੜ੍ਹਾ ਦੇ ?

ਬਚਨਾ : ਕਿਹੜੀਆਂ ?
ਤਾਰੋ : ਆਹ ਸਾਵੀਆਂ, ਜਿਨ੍ਹਾਂ ਦੇ ਸ਼ੀਸ਼ੇ ਦੀਆਂ ਟੁਕੜੀਆਂ ਜੜੀਆਂ ਹੋਈਆਂ ਨੇ।
ਬਚਨਾ : ਤੇਰੇ ਹੱਥ ਬੜੇ ਮੋਕਲੇ ਨੇ।
ਤਾਰੋ : ਮੈਂ ਕੰਮ ਜੁ ਐਨਾ ਕਰਦੀ ਆਂ, ਦੁੱਧ ਰਿੜਕਣ ਗੁਤਾਵਾ ਕਰਨ ਤੇ ਰੋਟੀਆਂ ਥੱਪਣ ਦਾ ਸਾਰਾ ਕੰਮ। ਏਸੇ ਕਰ ਕੇ ਮੇਰੇ ਹੱਥ ਨਰੋਏ ਨੇ–
ਬਚਨਾ : ਉਫ...ਫ...!
ਤਾਰੋ : ਕਿਉਂ ?
ਬਚਨਾ : ਚੂੜੀ ਤਿੜਕ ਗਈ।
ਤਾਰੋ : ਮੇਰਾ ਹੱਥ ਈ ਇਹੋ ਜਿਹਾ ਐ।
ਬਚਨਾ : ਆਹ ਦੇਖ!
ਤਾਰੋ : ਕੀ ?
ਬਚਨਾ : ਕੱਚ ਦੇ ਨਿੱਕੇ ਨਿੱਕੇ ਟੋਟੇ।
ਤਾਰੋ : ਤੇ ਇਹ ਬਹੁਤ ਹੀ ਬਰੀਕ ਤੇ ਨਿੱਕਾ ਜਿਹਾ ਟੋਟਾ।
ਬਚਨਾ : ਕੱਚ ਜਿੰਨਾ ਬਰੀਕ ਹੋਵੇ, ਪਿਆਰ ਓਨਾ ਹੀ ਡੂੰਘਾ।
ਤਾਰੋ : ਇਹ ਚੂੜੀਆਂ ਤੂੰ ਆਪ ਬਨਾਉਨੈਂ ?
ਬਚਨਾ : ਹਾਂ ਲਾਖ ਢਾਲ ਕੇ ਸ਼ੀਸ਼ੇ ਦੀਆਂ ਟੁਕੜੀਆਂ ਜੜ ਦਿਨਾਂ। ਪਰ ਕੱਚ ਦੀਆਂ ਚੂੜੀਆਂ ਨਹੀਂ ਬਣਾ ਸਕਦਾ।
ਤਾਰੋ : ਜੇ ਕੱਚ ਇਕ ਵਾਰ ਟੁੱਟ ਜਾਏ ਤਾਂ ਜੁੜ ਨਹੀਂ ਸਕਦਾ ?
ਬਚਨਾ : ਕੱਚ ਤਾਂ ਭਾਵੇਂ ਜੁੜ ਜਾਏ, ਪਰ ਜੇ ਦਿਲ ਟੁੱਟ ਜਾਏ ਤਾਂ ਨਹੀਂ ਜੁੜ ਸਕਦਾ।
ਤਾਰੋ : (ਹੱਸ ਕੇ) ਦਿਲ ਵੀ ਕਿਤੇ ਕੱਚ ਹੈ ਜੋ ਟੁੱਟ ਜਾਏਗਾ ?
ਬਚਨਾ : ਕੱਚ ਤੋਂ ਵੀ ਵਧ!

(ਦੂਰੋਂ ਗੀਤ ਸੁਣਾਈ ਦੇਂਦਾ ਹੈ।)

ਬੱਲੀਏ ਕਣਕ ਦੀਏ
ਤੈਨੂੰ ਖਾਣਗੇ ਨਸੀਬਾਂ ਵਾਲੇ।

ਤਾਰੋ : ਜੱਟ ਇਹੋ ਜਿਹਾ ਗੀਤ ਕਿਉਂ ਗਾਂਦੇ ਨੇ ?
ਬਚਨਾ : ਹੋਰ ਕੀ ਗਾਣ ? ਵਾਢੀ ਪਿੱਛੋਂ ਕਣਕ ਦੇ ਬੋਹਲ ਤੱਕ ਕੇ ਜੱਟਾਂ ਨੇ ਇਹੋ ਗੀਤ ਗਾਣਾ ਹੋਇਆ ਨਾ। ਨਸੀਬਾਂ ਵਾਲੇ ਈ ਬੱਲੀ ਨੂੰ ਖਾਂਦੇ ਨੇ। ਸ਼ਾਇਦ ਮੇਲਾ ਖਿੰਡ ਗਿਐ। ਜੱਟ ਬਾਘੀਆਂ ਪਾਂਦੇ ਜਾ ਰਹੇ ਨੇ! ਵੰਝਲੀ ਦੀ ਵਾਜ ਸੁਣਦੀ ਐਂ ?
ਤਾਰੋ : ਮੈਨੂੰ ਵੰਝਲੀ ਦੀ ਵਾਜ ਚੰਗੀ ਲੱਗਦੀ ਏ। ਜਦੋਂ ਨਿੱਕੇ ਹੁੰਦਿਆਂ ਬਾਪੂ ਨਾਲ ਖੂਹ ਉਤੇ ਜਾਂਦੀ ਸਾਂ ਤਾਂ ਸਿਆਲ ਦੀ ਨਿੱਘੀ ਧੁੱਪ ਵਿਚ ਵਾਗੀ ਨੂੰ ਭੇਡਾਂ ਹਿੱਕੀ ਜਾਂਦੇ ਦੇਖਦੀ। ਮੈਨੂੰ ਭੇਡਾਂ 'ਚੋਂ ਆਉਂਦੀ ਬੋ ਚੰਗੀ ਲੱਗਦੀ ਸੀ...ਵਾੜੇ 'ਚੋਂ ਉਠਦੀ ਹੋਈ ਚਿੱਟੀ ਭਾਫ਼ ਵਰਗੀ ਭੇਡਾਂ ਦੀ ਉੱਨ!
ਬਚਨਾ : ਤੇਰਾ ਪਿਉ ਵਾਗੀ ਸੀ ?
ਤਾਰੋ : ਨਹੀਂ ਮੇਰਾ ਪਿਉ ਝੀਊਰ ਸੀ। ਤੂੰ ਮੁੱਖੇ ਝੀਊਰ ਦਾ ਨਾਂ ਨਹੀਂ ਸੁਣਿਆ ? ਪਾਣੀ ਵਿਚ ਅੱਧਾ ਅੱਧਾ ਘੰਟਾ ਸਾਹ ਘੁੱਟ ਕੇ ਬੈਠਾ ਰਹਿੰਦਾ। ਕਿਸੇ ਤਲਾਅ, ਡਿੱਗੀ, ਨਹਿਰ ਜਾਂ ਖੂਹ 'ਚ ਡੋਲ ਡਿਗ ਪੈਂਦਾ ਤਾਂ ਕੱਢਣ ਲਈ ਉਸੇ ਨੂੰ ਬੁਲਾਉਂਦੇ ਸਨ। ਇਕ ਵਾਰ ਮਹਾਰਾਜੇ ਦੀ ਮੁੰਦਰੀ ਖੂਹ ਵਿਚ

ਡਿਗ ਪਈ, ਉਸ ਚੁੱਭੀ ਮਾਰ ਕੇ ਝਟ ਕੱਢ ਲਿਆਂਦੀ। ਇਸ ਬਦਲੇ ਉਸ ਨੂੰ ਜ਼ਮੀਨ ਦਾ ਇਕ ਟੋਟਾ ਮਿਲ ਗਿਆ ਸੀ। ਇਸ ਵਿਚ ਚਾਰ ਸੌ ਦਰੱਖਤ ਸਨ। ਪਰ ਬਾਪੂ ਨੇ ਕਦੇ ਵਾਹੀ ਖੇਤੀ ਨਹੀਂ ਸੀ ਕੀਤੀ। ਉਹ ਸਾਰੀ ਉਮਰ ਖੂਹਾਂ ਤਲਾਵਾਂ ਵਿਚ ਹੀ ਰਿਹਾ। ਮੈਂ ਵੀ ਖੂਹ ਦੇ ਕੰਢੇ ਹੀ ਜੰਮੀ ਸਾਂ। ਏਸੇ ਖੂਹ ਵਿਚ ਇਕ ਦਿਨ ਉਹ ਡਿੱਗ ਕੇ ਮਰ ਗਿਆ।

ਬਚਨਾ : ਉਫ਼, ਕਿਸ ਤਰ੍ਹਾਂ ?

ਤਾਰੋ : ਜ਼ਿਮੀਂਦਾਰ ਦਾ ਜ਼ਰੀ ਦਾ ਜੁੱਤਾ ਡਿਗ ਪਿਆ ਸੀ। ਉਹ ਖੂਹ ਵਿਚ ਲੱਥਾ। ਬੋਦਾ ਰੱਸਾ ਟੁੱਟਣ ਨਾਲ ਉਹ ਸਿਰ ਪਰਨੇ ਡਿੱਗਿਆ ਤੇ ਡਿਗਣ ਸਾਰ ਮਰ ਗਿਆ। ਉਸ ਦੇ ਸਿਰ ਵਿਚੋਂ ਐਨਾ ਲਹੂ ਵਗਿਆ ਕਿ ਪਾਣੀ ਲਾਲ ਹੋ ਗਿਆ। ਇਸ ਪਿਛੋਂ ਮੈਂ ਕਦੇ ਖੂਹ ਤੇ ਨਾ ਗਈ। ਮੈਨੂੰ ਖੂਹ ਤੋਂ ਡਰ ਆਉਣ ਲੱਗਾ। ਹਾਏ, ਮੈਨੂੰ ਕਿੰਨਾ ਚਿਰ ਹੋ ਗਿਆ ਏ। ਬਸ, ਦੋ ਚੂੜੀਆਂ ਹੋਰ ਚੜ੍ਹਾ ਦੇ।

ਬਚਨਾ : ਮੈਂ ਤੇਰੀਆਂ ਬੜੀਆਂ ਗੱਲਾਂ ਸੁਣੀਆਂ ਸਨ, ਪਰ ਹੁਣ ਤੈਨੂੰ ਮਿਲਿਆਂ ਤਾਂ ਯਕੀਨ ਹੋ ਗਿਆ ਕਿ ਜੋ ਤੀਵੀਆਂ ਤੇਰੀਆਂ ਚੁਗਲੀਆਂ ਕਰਦੀਆਂ ਨੇ, ਉਹ ਸਭ ਤੈਥੋਂ ਖਾਰ ਖਾਂਦੀਆਂ ਨੇ।

ਤਾਰੋ : ਆਹ, ਇਕ ਚੂੜੀ ਹੋਰ ਤਿੜਕ ਗਈ ? ਕਿੰਨੇ ਹੀ ਖਿੰਡ ਗਏ ਨੇ ਨਿੱਕੇ ਨਿੱਕੇ ਟੋਟੇ...ਕੱਚ ਦੇ ਚਮਕਦੇ ਦਾਣੇ, ਜਿਵੇਂ ਹੀਰੇ ਦੀਆਂ ਕਣੀਆਂ ਹੋਣ।

ਬਚਨਾ : ਇਹ ਸਭ ਪਿਆਰ ਦੀਆਂ ਨਿਸ਼ਾਨੀਆਂ ਨੇ। ਤੇਰੀ ਕਿਸਮਤ ਵਿਚ ਬੜਾ ਪਿਆਰ ਲਿਖਿਆ ਏ।

ਤਾਰੋ : ਪਿਆਰ ਚੰਗੀ ਚੀਜ਼ ਨਹੀਂ।

ਬਚਨਾ : ਕਿਉਂ ?

ਤਾਰੋ : ਮੈਨੂੰ ਪਿਆਰ ਤੋਂ ਡਰ ਲਗਦੈ।

ਬਚਨਾ : ਪਿਆਰ ਤੋਂ ਤੂੰ ਕਿਉਂ ਡਰਦੀ ਐਂ ?

ਤਾਰੋ : ਇਕ ਵਾਰ ਮੈਂ ਇਕ ਰੁੱਖ ਦੀ ਖੁੱਡ ਦੇਖੀ। ਉਸ ਉਤੇ ਇਕ ਜਾਲਾ ਸੀ। ਇਕ ਤਿਤਲੀ ਉਸ ਵਿਚ ਫਸ ਗਈ। ਮੱਕੜੀ ਨੇ ਉਸ ਨੂੰ ਪਿਆਰ ਨਾਲ ਜੱਫੀ ਪਾ ਲਈ ਤੇ ਉਹ ਮਰ ਗਈ। ਮੈਨੂੰ ਡਰ ਲੱਗਦਾ ਏ।

ਬਚਨਾ : ਝੱਲੀਏ, ਪਿਆਰ ਤਾਂ ਸਗੋਂ ਆਜ਼ਾਦ ਕਰਦਾ ਏ। ਜਿਵੇਂ ਬੰਦ ਕਲੀ ਵਿਚੋਂ ਖ਼ੁਸ਼ਬੂ ਨਿਕਲ ਕੇ ਨੱਸਦੀ ਏ, ਏਸੇ ਤਰ੍ਹਾਂ ਪਿਆਰ ਏ।

ਤਾਰੋ : ਨਹੀਂ, ਮੇਰੀ ਮਾਂ ਪਿਆਰ ਕਰ ਕੇ ਮਰ ਗਈ ਸੀ।

ਬਚਨਾ : ਕਿਵੇਂ ?

ਤਾਰੋ : ਮੈਨੂੰ ਤਾਂ ਕੁਝ ਯਾਦ ਨਹੀਂ। ਉਸ ਵੇਲੇ ਮੈਂ ਬਹੁਤ ਛੋਟੀ ਸਾਂ। ਲੋਕ ਆਖਦੇ ਨੇ ਜਦੋਂ ਉਹ ਘਰੋਂ ਗਈ ਤਾਂ ਮੀਂਹ ਪੈ ਰਿਹਾ ਸੀ। ਬਰਖਾ ਵਿਚ ਮੇਰੀ ਮਾਂ ਇਕ ਰੁੱਖ ਹੇਠ ਖਲੋ ਗਈ। ਬਿਜਲੀ ਡਿੱਗੀ ਤੇ ਰੁੱਖ ਨੂੰ ਪਾੜ ਕੇ ਉਸ ਨੂੰ ਡੱਸ ਗਈ ਤੇ ਉਹ ਮਰ ਗਈ। ਮੈਨੂੰ ਬਿਜਲੀ ਤੋਂ ਹੁਣ ਤਕ ਡਰ ਲੱਗਦਾ ਏ। ਏਸੇ ਕਰ ਕੇ ਮੈਂ ਸੌਣ ਭਾਦੋਂ ਦੇ ਮਹੀਨੇ ਵਾਲਾਂ ਨੂੰ ਤੇਲ ਨਹੀਂ ਲਾਉਂਦੀ। ਤੇਲ ਲਾਣ ਨਾਲ ਵਾਲ ਲਿਸ਼ਕਣ ਲੱਗਦੇ ਨੇ ਤੇ ਉਹਨਾਂ ਉਤੇ ਬਿਜਲੀ ਡਿਗਣ ਦਾ ਡਰ ਏ। (ਸੋਚਦੀ ਹੋਈ) ਮੇਰੀ ਮਾਂ ਬਹੁਤ ਸੋਹਣੀ ਸੀ, ਉਸ ਦੀਆਂ ਉਂਗਲਾਂ ਫਲੀਆਂ ਵਰਗੀਆਂ ਸਨ ਤੇ ਉਸ ਦੀ ਠੋਡੀ ਉਤੇ ਤਿਲ ਸੀ...।

ਬਚਨਾ : ਜਿਵੇਂ ਤੇਰੇ ਐ ?
ਤਾਰੋ : ਉਸ ਦੀ ਠੋਡੀ ਉਤੇ ਤਿਲ ਇਸ ਪਾਸੇ ਸੀ, ਮੇਰੇ ਦੂਜੇ ਪਾਸੇ ਐ।
ਬਚਨਾ : ਤਿਲ ਗੱਲ੍ਹ ਦੇ ਇਸ ਪਾਸੇ ਹੋਵੇ ਭਾਵੇਂ ਉਸ ਪਾਸੇ, ਸੋਹਣਾ ਲੱਗਦਾ ਏ।
ਤਾਰੋ : ਲੋਕ ਮੇਰੇ ਵਲ ਝਾਕਦੇ ਨੇ, ਬੁੱਢੇ, ਜਵਾਨ, ਮੁੰਡੇ, ਖੂਹ ਤੋਂ ਪਾਣੀ ਭਰਦੀਆਂ ਤੀਵੀਆਂ। ਮੈਂ ਗਲੀ ਵਿਚ ਤੁਰੀ ਜਾਂਦੀ ਸਾਂ ਤੇ ਇਕ ਊਠ ਮੇਰੇ ਵਲ ਝਾਕਣ ਲੱਗ ਪਿਆ। ਉਹ ਜੁਗਾਲੀ ਕਰ ਰਿਹਾ ਸੀ ਤੇ ਉਸ ਦੀਆਂ ਅੱਖਾਂ ਮੇਰਾ ਪਿੱਛਾ ਕਰਦੀਆਂ ਰਹੀਆਂ। ਕਈ ਵਾਰ ਮੇਰਾ ਤੋਤਾ ਵੀ ਮੇਰੇ ਵਲ ਝਾਕਣ ਲੱਗਦੈ। ਪਤਾ ਨਹੀਂ ਕਿਉਂ!
ਬਚਨਾ : ਇਸ ਲਈ ਕਿ ਤੂੰ ਸੁਹਣੀ ਐਂ।
ਤਾਰੋ : ਹਰ ਕੋਈ ਮੇਰੇ ਵਲ ਝਾਕਦੈ। ਮੈਨੂੰ ਡਰ ਲਗਦੈ। ਜੀ ਕਰਦੈ ਮੈਂ ਕੁਝ ਹੋਰ ਹੁੰਦੀ।
ਬਚਨਾ : ਕੀ ?
ਤਾਰੁ : ਜੇ ਮੈਂ ਟਾਹਲੀ ਹੁੰਦੀ...ਤਾਂ ਮੌਜਾਂ ਕਰਦੀ। ਕੁੜੀਆਂ ਮੇਰੇ ਉਤੇ ਪੀਂਘਾਂ ਪਾਉਂਦੀਆਂ ਤੇ ਮੈਂ ਝੂਲਦੀ ਤੇ ਹੱਸਦੀ। ਮੇਰੀਆਂ ਜੜ੍ਹਾਂ ਧਰਤੀ ਵਿਚ ਹੁੰਦੀਆਂ ਤੇ ਬਾਹਾਂ ਆਕਾਸ਼ ਵਿਚ।
ਬਚਨਾ : ਪਰ ਜਦੋਂ ਕੁਹਾੜੀ ਵਜਦੀ ਐ ਤਾਂ ਦਰੱਖ਼ਤ ਵੀ ਰੋਂਦੇ ਨੇ।
ਤਾਰੋ : ਹਾਂ! ਕਈ ਵਾਰ ਰਾਤ ਨੂੰ ਮੈਂ ਦਰੱਖ਼ਤਾਂ ਨੂੰ ਰੋਂਦੇ ਸੁਣਿਆ ਏ। ਹਵਾ ਸ਼ਾਂ ਸ਼ਾਂ ਕਰਦੀ ਉਹਨਾਂ ਵਿਚੋਂ ਦੀ ਲੰਘਦੀ ਹੈ। ਮੈਂ ਦਰੱਖ਼ਤ ਨਾਲ ਖੜੀ ਹੋ ਕੇ ਕੰਨ ਲਾ ਕੇ ਸੁਣਿਆ ਹੈ, ਉਹ ਗੱਲਾਂ ਕਰਦੇ ਨੇ।
ਬਚਨਾ : ਕੀ ?
ਤਾਰੋ : ਜਿਵੇਂ ਹੌਲੀ ਹੌਲੀ ਮੈਨੂੰ ਵਾਜਾਂ ਮਾਰ ਰਹੇ ਹੋਣ: ਤਾਰੋ, ਤਾਰੋ, ਤਾਰੋ...
ਬਚਨਾ : ਤੇਰੀ ਮਾਂ ਨੇ ਤੇਰਾ ਨਾ ਤਾਰੋ ਕਿਉਂ ਰਖਿਐ ?
ਤਾਰੋ : ਜਿਸ ਰਾਤ ਮੈਂ ਜੰਮੀ, ਬੱਦਲ ਘਿਰੇ ਹੋਏ ਸਨ ਤੇ ਇਕੋ ਤਾਰਾ ਚਮਕ ਰਿਹਾ ਸੀ। ਜੋਤਸ਼ੀ ਨੇ ਦੱਸਿਆ ਸੀ ਕਿ ਇਕੱਲੇ ਤਾਰੇ ਹੇਠ ਜੰਮੀ ਕੁੜੀ ਭਾਗਾਂ ਵਾਲੀ ਹੁੰਦੀ ਐ।
ਬਚਨਾ : ਤੇ ਮੇਰੀ ਮਾਂ ਨੇ ਮੇਰਾ ਨਾ ਰਖਿਆ ਬਚਨਾ।
ਤਾਰੋ : ਕਾਹਦਾ ਬਚਨ ?
ਬਚਨਾ : ਬਚਨ...ਸਿਰ ਧੜ ਦੀ ਬਾਜ਼ੀ ਲਾ ਦੇਣ ਦਾ ਬਚਨ।
ਤਾਰੋ : (ਹੱਸਦੀ ਹੈ) ਤੂੰ ਮਰਨਾ ਚਾਹੁੰਦਾ ਹੈਂ ?
ਬਚਨਾ : ਕਈ ਵਾਰ ਜੀ ਕਰਦਾ ਏ ਕਿ ਪਿੰਡ ਦੇ ਵਿਚਾਲੇ ਕਿਸੇ ਨਾਲ ਟਾਕਰਾ ਹੋਵੇ ਜਾਂ ਪੱਕੇ ਪੁਲ ਉਤੇ, ਤੇ ਮੇਰੀ ਛਵ੍ਹੀ 'ਚੋਂ ਚੰਗਿਆੜੇ ਨਿਕਲਣ...ਤਾਂ ਮੈਂ ਉਸ ਕੁੜੀ ਨੂੰ ਸਾਬਤ ਕਰ ਦਿਆਂ—
ਤਾਰੋ : ਕਿਸ ਕੁੜੀ ਨੂੰ ?
ਬਚਨਾ : ਇਹ ਤਾਂ ਹਾਲੇ ਪਤਾ ਨਹੀਂ। ਪਰ ਕਈ ਵਾਰ ਇਉਂ ਲੱਗਦਾ ਹੈ ਜਿਵੇਂ ਮੈਂ ਉਸ ਨੂੰ ਘੋੜੀ ਉਤੇ ਬਿਠਾ ਕੇ ਭਜਾਈ ਲੈ ਜਾ ਰਿਹਾ ਹੋਵਾਂ ਤੇ ਡਾਕੂ ਮੇਰਾ ਪਿੱਛਾ ਕਰ ਰਹੇ ਹੋਣ। ਇਕਦਮ ਮੈਂ ਵਾਗਾਂ ਖਿੱਚ ਕੇ ਉਹਨਾਂ ਨੂੰ ਵੰਗਾਰਦਾ ਹਾਂ ਤੇ ਇਕ ਇਕ ਕਰ ਕੇ ਸਭਨਾਂ ਨੂੰ ਉੜਾ ਦੇਂਦਾ ਹਾਂ। ਇਸ ਤਰ੍ਹਾਂ ਮੈਂ ਆਪਣਾ ਬਚਨ ਪੂਰਾ ਕਰਦਾ ਹਾਂ...ਕਿਸੇ ਨੂੰ ਬਚਾਉਣ ਦਾ ਬਚਨ, ਪਿਆਰ ਕਰਨ ਜਾਂ

ਮਰ ਜਾਣ ਦਾ ਬਚਨ...ਮੇਰੀ ਹਿੱਕ ਅੰਦਰ ਕੋਈ ਚੀਜ਼ ਬਲ ਰਹੀ ਹੈ, ਜਿਵੇਂ ਲਹੂ ਦੇ ਡੰਗ ਨਾਲ ਕਿਸੇ ਨੇ ਕੁਝ ਖੁਣ ਦਿਤਾ ਹੋਵੇ।

ਤਾਰੋ : ਮੈਂ ਅਜੇਹੀਆਂ ਗੱਲਾਂ ਕਦੀ ਨਹੀਂ ਸੁਣੀਆਂ।

(ਗੀਤ ਦੀ ਧੁਨ ਸੁਣਾਈ ਦੇਂਦੀ ਹੈ ਜਿਵੇਂ ਕੋਈ ਵੈਣ ਪਾ ਰਿਹਾ ਹੋਵੇ।)

ਕਿੰਨੇ ਪੈਸੇ ਹੋ ਗਏ ਚੂੜੀਆਂ ਦੇ ?

ਬਚਨਾ : ਤੇਰੀ ਹਾਸੀ ਦਾ ਇਕ ਫੱਕਾ ਹੀ ਕਾਫ਼ੀ ਹੈ। ਇਸ ਨਾਲ ਮੇਰਾ ਬੁੱਕ ਭਰ ਜਾਊ।

ਤਾਰੋ : ਹਾਸੇ ਨਾਲ ਵੀ ਕਦੇ ਬੁੱਕ ਭਰਿਆ ਹੈ ? ਬੁੱਕ ਭਰਦਾ ਹੈ ਰੁਪਿਆਂ ਨਾਲ।

ਬਚਨਾ : ਤੇਰਾ ਹਾਸਾ ਝੱਗ ਵਾਂਗ ਨਹੀਂ, ਝਰਨੇ ਵਾਂਗ ਹੈ। ਮੈਂ ਇਸ ਦਾ ਬੁੱਕ ਭਰ ਸਕਦਾ ਹਾਂ ਤੇ ਪੀ ਵੀ ਸਕਦਾ ਹਾਂ।

ਤਾਰੋ : (ਹੱਸਦੀ ਹੈ)।

ਬਚਨਾ : ਤੂੰ ਹੱਸਦੀ ਹੈਂ ਜਿਵੇਂ ਟੱਲੀਆਂ ਖੜਕ ਰਹੀਆਂ ਹੋਣ। ਤੈਨੂੰ ਦੇਖ ਕੇ ਇਉਂ ਲੱਗਦਾ ਹੈ ਕਿ ਤੇਰਾ ਮਨ ਸਾਬਤ ਹੈ, ਚੂੜੀ ਵਾਂਗ ਤਿੜਕਿਆ ਨਹੀਂ। ਤਾਰੋ!

ਤਾਰੋ : ਕੀ ?

ਬਚਨਾ : ਇਉਂ ਲੱਗਦਾ ਹੈ, ਜਿਸ ਬੱਲੀ ਦਾ ਗੀਤ ਇਹ ਜੱਟ ਗਾ ਰਹੇ ਹਨ, ਉਹ ਤੂੰ ਹੀ ਹੈਂ।

ਤਾਰੋ : ਮੈਂ ?

ਬਚਨਾ : ਹਾਂ। ਜੋ ਖੇਤਾਂ ਵਿਚ ਉੱਗੀ ਤੇ ਖੂਹਾਂ ਦੇ ਪਾਣੀਆਂ ਨਾਲ ਪਰਵਾਨ ਚੜ੍ਹੀ।

(ਮੱਘਰ ਤੇ ਝੰਡੂ ਆਉਂਦੇ ਹਨ। ਝੰਡੂ ਮੱਘਰ ਦੇ ਜੁੱਤਿਆਂ ਨੂੰ ਆਪਣੇ ਕੁੜਤੇ ਨਾਲ ਸਾਫ਼ ਕਰਦਾ ਹੈ।)

ਮੱਘਰ : ਬਸ ਬਸ ਰਹਿਣ ਦੇ, ਉੱਪਰ ਈ ਨਾ ਚੜ੍ਹਦਾ ਆ !

ਝੰਡੂ : ਮੋਤੀਆਂ ਵਾਲਿਓ, ਅਸੀਂ ਤਾ ਤੁਹਾਡੇ ਪੈਰਾਂ ਦੀ ਮਿੱਟੀ ਆਂ।

ਮੱਘਰ : ਰਤਾ ਪਰਾਂ ਹੋ ਕੇ ਮਰ। ਇਉਂ ਲੱਗਦਾ ਏ ਚਿਰਾਂ ਤੋਂ ਤੇਰੀ ਚੰਡਾਈ ਨਹੀਂ ਹੋਈ। ਜੇ ਚੂੜ੍ਹਿਆਂ ਚੰਮੀਆਂ ਨੂੰ ਕੁੱਟੋ ਨਾ ਤਾਂ ਇਹਨਾਂ ਦੇ ਦਮਾਗ਼ ਉਤੇ ਚਰਬੀ ਚੜ੍ਹ ਜਾਂਦੀ ਏ। ਢੋਲ, ਕਣਕ, ਡੰਗਰ ਤੇ ਤੀਵੀਂ — ਸਭਨਾਂ ਨੂੰ ਵੇਲੇ ਸਿਰ ਕੁੱਟਣਾ ਚਾਹੀਦਾ ਏ ਤਦੇ ਇਹ ਸਿਧੇ ਰਹਿੰਦੇ ਨੇ। ਤੇਰੀ ਤੀਵੀਂ ਕਿਥੇ ਐ ਓਇ ?

ਝੰਡੂ : ਜੀ ਚਲੀ ਗਈ, ਪਤਾ ਨਹੀਂ ਕਿਥੇ।

ਮੱਘਰ : ਕੰਜਰਾ, ਤੂੰ ਉਸ ਨੂੰ ਕਦੇ ਕੁੱਟਿਆ ਨਹੀਂ ਸੀ ?

ਝੰਡੂ : ਨਾ ਮਹਾਰਾਜ, ਤੀਵੀਂ ਉਤੇ ਹੱਥ ਕਿਵੇਂ ਚੁਕਾਂ।

ਮੱਘਰ : ਤਦੇ ਉਹ ਨੱਸ ਗਈ।

ਝੰਡੂ : ਮੇਲੇ ਵਿਚ ਉਹ ਗੋਹਾ ਚੁਗਣ ਗਈ ਸੀ।

ਮੱਘਰ : ਚੰਗਾ ਹੋਇਆ, ਕਿਸੇ ਕੋਲ ਰਮਾਨ ਨਾਲ ਰਹੂ। ਦੇਖ ਮੈਂ ਤਿੰਨ ਵਿਆਹ ਕੀਤੇ, ਤਿੰਨਾਂ ਨੂੰ ਆਪਣੀ ਥਾਂ ਰਖਿਆ। ਹੁਣ ਚੌਥੀ ਸਰਦਾਰਨੀ ਏ, ਮਜਾਲ ਏ ਉੱਚਾ ਨੀਵਾਂ ਬੋਲ ਜਾਏ।

ਝੰਡੂ : ਮਹਾਰਾਜ, ਤੁਸੀਂ ਭਾਵੇਂ ਬਾਰਾਂ ਵਿਆਹ ਕਰ ਲਓ। ਵੱਡੇ ਆਦਮੀਆਂ ਦੀਆਂ ਵੱਡੀਆਂ ਗੱਲਾਂ। ਸੁਣਿਆਂ ਏ, ਮਹਾਰਾਜੇ ਨੇ ਤਿੰਨ ਸੌ ਰਾਣੀਆਂ ਰਖੀਆਂ ਸਨ ਤੇ ਉਹਨਾਂ ਮਹਾਰਾਣੀਆਂ ਦੀਆਂ ਟਹਿਲੀਆਂ ਵੀ ਸੋਹਣੀਆਂ ਸਨ। ਉਹਨਾਂ ਦੇ ਮੂੰਹ ਇਉਂ ਚਮਕਦੇ ਸਨ ਜਿਵੇਂ ਤੁਹਾਡੀ ਜਰੀ ਦੀ ਜੁੱਤੀ।

ਮੱਘਰ : ਪਰਾਂ ਹਟ, ਪਰਾਂ! ਮੇਰੀਆਂ ਜੁੱਤੀਆਂ ਨੂੰ ਖ਼ਰਾਬ ਨਾ ਕਰ ਕੁੱਤਿਆ। ਤੁਸੀਂ ਲੋਕ

ਜਹਾਨ ਭਰ ਦਾ ਕੂੜਾ ਚੁਕਦੇ ਓ, ਤਬੇਲਿਆਂ ਤੇ ਘਰਾਂ ਨੂੰ ਸਾਫ਼ ਰਖਦੇ ਓ ਆਪੂੰ ਸਾਫ਼ ਨਹੀਂ ਰਹਿ ਸਕਦੇ ?

ਝੰਡੂ : ਜੀ ਚਮਿਆਰ ਦੀ ਜੁੱਤੀ ਸਦਾ ਟੁੱਟੀ, ਮਲਾਹ ਦਾ ਹੁੱਕਾ ਸਦਾ ਸੁੱਕਾ। ਮੋਤੀਆਂ ਵਾਲਿਓ, ਇਕ ਅਰਜ ਕਰਨੀ ਸੀ...

ਮੱਘਰ : (ਬਚਨੇ ਨੂੰ ਵੇਖ ਕੇ) ਔਹ ਚੂੜੀਆਂ ਵੇਚਣ ਵਾਲੇ ਨੂੰ ਮੌਜ ਏ। ਇਸ ਦਾ ਵਾਹ ਸਦਾ ਕੁੜੀਆਂ ਨਾਲ ਹੀ ਪੈਂਦਾ ਏ। ਉਂਗਲਾਂ ਤੇ ਵੀਣੀਆਂ ਨਾਲ, ਹੱਥਾਂ ਤੇ ਬਾਹਵਾਂ ਨਾਲ। ਮੇਰੀ ਅੱਖ ਸ਼ਰਾਬ ਦੀ ਬੋਤਲ ਤੇ ਕੁੜੀ ਨੂੰ ਦੂਰੋਂ ਹੀ ਪਛਾਣ ਲੈਂਦੀ ਏ।

ਝੰਡੂ : ਜੀ ਤੁਸੀਂ ਰਾਜਾ ਲੋਕ। ਤੁਹਾਡੇ ਬਾਬਾ ਜੀ ਪੁਰਾਣੇ ਮਹਾਰਾਜ ਦੇ ਡਿਓੜੀ ਅਫ਼ਸਰ ਸਨ, ਮਹਾਰਾਜ ਦੀ ਮੁੱਛ ਦਾ ਵਾਲ। ਨੱਕ ਉਤੇ ਮੱਖੀ ਕਿਹੜਾ ਬੈਠਣ ਦੇਂਦੇ ਸਨ। ਸਾਰੀ ਖ਼ਲਕਤ ਉਹਨਾ ਨੂੰ ਸਲਾਮਾਂ ਕਰਦੀ ਸੀ!

ਮੱਘਰ : ਬਚਨਿਆਂ, ਕੀ ਗੱਲਾਂ ਮਾਰਦਾ ਏਂ।

ਬਚਨਾ : ਕੁਝ ਨਹੀਂ, ਚੂੜੀਆਂ ਲੈਣ ਆਈ ਸੀ।

ਮੱਘਰ : ਮੈਂ ਜਾਣਦੈਂ ਇਸ ਨੂੰ। ਮਾੜੂ ਦੀ ਭਾਂਜੀ ਏ। ਇਸ ਦਾ ਪਿਓ ਮੇਰੇ ਖੇਤ ਵਿਚ ਕੰਮ ਕਰਦਾ ਸੀ। ਖੂਹ ਵਿਚ ਛਾਲ ਮਾਰਨ ਦੇ ਬਦਲੇ ਮੈਂ ਉਸ ਨੂੰ ਬੋਰੀ ਕਣਕ ਦੀ ਦੇਂਦਾ। ਅਸੀਂ ਉਸ ਨੂੰ ਊਦ-ਬਲਾਓ ਆਖਦੇ। ਊਦ ਬਲਾਓ ਸੀ ਚੁੱਭੀ ਮਾਰਨ ਵਿਚ (ਤਾਰੋ ਨੂੰ) ਤੂੰ ਕਦੇ ਖੇਤ ਨਹੀਂ ਆਈ ? ਤੇਰਾ ਮਾਮਾ ਤਾਂ ਕਈ ਵਾਰ ਆਇਆ ਏ। ਵਿਚਾਰਾ ਚੰਗਾ ਆਦਮੀ ਏ...ਅੰਦਰੋਂ ਟੁੱਟਿਆ ਹੋਇਆ ਏ, ਪਰ ਸੁਭਾ ਦਾ ਚੰਗਾ ਏ। ਕਿਥੇ ਐ ਉਹ ? ਮੈਂ ਉਸ ਨੂੰ ਮਿਲਣਾ ਸੀ। ਹੈਂ, ਬਸ ਚਲੀ ? ਕਿਉਂ, ਮੇਰੇ ਆਏ ਤੂੰ ਓਸੇ ਵੇਲੇ ਤੀਰ ਹੋ ਗਈ ? ਨੀ ਉਸ ਨੂੰ ਆਖੀਂ ਮੈਨੂੰ ਮਿਲੇ, ਮੈਂ ਉਸ ਨਾਲ ਗੱਲ ਕਰਨੀ ਏ।

ਤਾਰੋ : (ਬਚਨੇ ਨੂੰ) ਮੈਂ ਉਸ ਨੂੰ ਦੇਖਣ ਚਲੀ ਆਂ।

(ਤਾਰੋ ਪਿੰਜਰਾ ਚੁਕ ਲੈਂਦੀ ਹੈ। ਬਚਨਾ ਦੂਜੇ ਪਾਸੇ ਚਲਾ ਜਾਂਦਾ ਹੈ। ਨਰਾਇਣਾ ਆਉਂਦਾ ਹੈ। ਉਸ ਦੇ ਮੋਢੇ ਉਤੇ ਬੰਦੂਕ ਹੈ ਤੇ ਹੱਥ ਵਿਚ ਮੇਲੇ ਤੋਂ ਮੁੱਲ ਲੀਤੀਆਂ ਚੀਜ਼ਾਂ।)

ਨਰਾਇਣਾ : ਮੈਨੂੰ ਚਿਰ ਹੋ ਗਿਐ।

ਮੱਘਰ : ਏਥੇ ਜਿਹੜਾ ਆਉਂਦਾ ਏ ਓਹਨੂੰ ਕਾਹਲੀ ਹੁੰਦੀ ਏ। ਬਸ ਨੱਸ ਭੱਜ। ਤੂੰ ਕਿਧਰ ਚਲਿਆ ਏਂ ?

ਨਰਾਇਣਾ : ਘਰ ਨੂੰ।

ਮੱਘਰ : ਘਰ ਤੇਰੇ ਕੌਣ ਬੈਠਾ ਏ, ਨਾ ਰੰਨ ਨਾ ਕੰਨ। ਤੈਨੂੰ ਏਡੀ ਕੀ, ਕਾਹਲੀ ਏ ? ਅਹਿ ਖਡਾਉਣੇ ਕਾਹਦੇ ਲਈ ਚੁਕੇ ਨੇ ?

ਨਰਾਇਣਾ : ਗਲੀ ਦਿਆਂ ਮੁੰਡਿਆਂ ਕੁੜੀਆਂ ਲਈ। ਉਹ ਮੈਨੂੰ ਉਡੀਕਦੇ ਹੋਣਗੇ। (ਤਾਰੋ ਨੂੰ) ਤੂੰ ਕੀ ਲਈ ਫਿਰਦੀ ਏਂ ? ਤੋਤੇ ਨੂੰ ਪਿੰਜਰੇ ਵਿਚ ਕਿਉਂ ਡੱਕ ਰਖਿਆ ਏ ?

ਤਾਰੋ : ਜੇ ਨਾ ਡੱਕਾਂ ਤਾਂ ਉੱਡ ਜਾਊ। (ਪਿੰਜਰੇ ਵਿਚੋਂ ਤੋਤਾ ਕੱਢ ਕੇ) ਇਸ ਦੇ ਖੰਭ ਕਿੰਨੇ ਕੂਲੇ ਕੂਲੇ ਨੇ, ਜਿਵੇਂ ਸਾਵੀ ਘਾਹ ਹੋਵੇ। ਤੇ ਇਸ ਦੀ ਚੁੰਝ ਜਿਵੇਂ ਲਾਲ ਮਿਰਚ। (ਤੋਤੇ ਨੂੰ ਪਿਆਰ ਕਰਦੀ ਹੈ) ਮੈਂ ਇਸ ਨੂੰ ਜਵਾਰ ਦੇ ਦਾਣੇ ਪਾਵਾਂਗੀ ਤੇ ਇਹ ਗੱਲਾਂ ਕਰੇਗਾ ਮੇਰੇ ਨਾਲ। (ਜਕਦਮ) ਊਈ! ਇਸ ਨੇ ਮੇਰੀ ਉਂਗਲ

ਟ੍ਰੱਕ ਲਈ। ਗ਼ੁੱਸੇ ਹੋ ਗਿਆ। ਆਖਦੈ 'ਚੂਰੀ ਖਾਵਾਂਗਾ।'
(ਫਿਰ ਪਿੰਜਰੇ ਵਿਚ ਰਖ ਦੇਂਦੀ ਹੈ।)

ਨਰਾਇਣਾ : ਤੋਤਾ ਉੱਡਣਾ ਨਹੀਂ ਭੁੱਲਦਾ। ਪਰ ਆਦਮੀ...

ਝੰਡੂ : ਆਦਮੀ ਉੱਡ ਕੇ ਕਿਥੇ ਜਾਣ ? ਉਹ ਅਸਮਾਨ ਵਿਚ ਥੋੜਾ ਈ ਉੱਡ ਸਕਦੇ ਨੇ। ਉਥੇ ਰਹਿਣਗੇ ਕਿਥੇ ? ਆਖਣਗੇ ਕੀ ? ਮੈਨੂੰ ਬੜੀ ਭੁੱਖ ਲੱਗੀ ਏ। ਜਦ ਤਾਰੋ ਚੂਰੀ ਦੀਆਂ ਗੱਲਾਂ ਕਰਦੀ ਸੀ ਤਾਂ ਮੇਰੇ ਮੂੰਹ 'ਚ ਪਾਣੀ ਆ ਗਿਆ।

ਮੱਘਰ : ਚੂਹੜੇ ਤੇ ਬਿੱਲੀ ਦੀ ਨੀਤ ਕਦੇ ਨਹੀਂ ਭਰਦੀ।

ਤਾਰੋ : ਮੈਂ ਜਾਨੀ ਆਂ, ਸ਼ੌਰੇ ਮਾਮਾ ਮੈਨੂੰ ਹੀ ਟੋਲ੍ਹਦਾ ਫਿਰਦਾ ਏ।
(ਉਹ ਜਾਂਦੀ ਹੈ।)

ਮੱਘਰ : ਤੂੰ ਹਰ ਵੇਲੇ ਇਹ ਬੰਦੂਕ ਕਿਉਂ ਚੁੱਕੀ ਫਿਰਦਾ ਏਂ ?

ਨਰਾਇਣਾ : ਪੁਰਾਣੀ ਆਦਤ। ਭਾਵੇਂ ਸ਼ਰਾਬ ਪੀਣ ਦੀ ਆਦਤ ਹੋਵੇ, ਭਾਵੇਂ ਫੀਮ ਖਾਣ ਦੀ ਤੇ ਭਾਵੇਂ ਤੀਵੀਆਂ ਪਿਛੇ ਫਿਰਨ ਦੀ। ਆਦਤ ਬੁਰੀ। ਫ਼ੌਜ ਦੀ ਇਹ ਆਦਤ ਪਈ ਹੋਈ ਏ।

ਮੱਘਰ : ਇਸ ਨਾਲ ਕਦੇ ਕੁਝ ਮਾਰਿਆ ਵੀ ਐ ?

ਨਰਾਇਣਾ : ਜਦ ਦਾ ਲਾਮ ਤੋਂ ਮੁੜਿਆਂ ਕਦੇ ਇਕ ਚਿੜੀ ਵੀ ਨਹੀਂ ਮਾਰੀ।

ਝੰਡੂ : ਜਦ ਆਦਮੀ ਬੁੱਢਾ ਹੋ ਜਾਂਦਾ ਏ ਤਾ ਉਸ ਦਾ ਦਿਲ ਨਰਮ ਹੋ ਜਾਂਦਾ ਏ।

ਮੱਘਰ : ਆਦਮੀ ਕਦੇ ਬੁੱਢਾ ਨਹੀਂ ਹੁੰਦਾ, ਉਹ ਘੋੜੇ ਵਾਂਗ ਰਹਿੰਦਾ ਏ, ਤਿਆਰ-ਬਰ-ਤਿਆਰ। ਬੱਸ ਤੀਵੀਆਂ ਹੀ ਬੁੱਢੀਆਂ ਹੁੰਦੀਆਂ ਨੇ, ਗਾਵਾਂ ਮੱਝਾਂ ਵਾਂਗ। ਪਰ ਜੇ ਉਹ ਕੁਸ਼ਤਾ ਖਾਣ ਤਾਂ ਕਦੀ ਬੁੱਢੀਆਂ ਨਾ ਹੋਣ।

ਝੰਡੂ : ਕੁਸ਼ਤਾ ਕੀ ਹੈ, ਮੋਤੀਆਂ ਵਾਲਿਓ ?

ਮੱਘਰ : ਤੈਨੂੰ ਨਹੀਂ ਪਤਾ ਕੁਸ਼ਤੇ ਦਾ ? ਇਸ ਵਿਚ ਮੋਤੀ ਪੈਂਦੇ ਨੇ, ਸੋਨਾ ਪੈਂਦਾ ਹੈ, ਜੜੀਆਂ ਬੂਟੀਆਂ ਤੇ ਮੂੰਗੇ ਪੈਂਦੇ ਨੇ। ਬਾਬਾ ਜੀ ਕੁਸ਼ਤਾ ਖਾਂਦੇ ਸਨ, ਸੌ ਸਾਲ ਜਿਉਂਦੇ ਰਹੇ। ਮਜਾਲ ਸੀ ਕੋਈ ਕੁਸਕ ਜਾਂਦਾ। ਪਰ ਹੁਣ ਪੁੱਠੇ ਦਿਨ ਆ ਗਏ। ਮੁਜਾਰੇ ਮੇਰੀ ਜ਼ਮੀਨ ਵਾਹੁੰਦੇ ਹਨ ਤੇ ਦੁਆਨੀ ਨਹੀਂ ਦੇਂਦੇ।

ਨਰਾਇਣਾ : ਜੋ ਧਰਤੀ ਨੂੰ ਵਾਹੇਗਾ, ਉਸੇ ਦੀ ਫ਼ਸਲ।

ਮੱਘਰ : ਬਕਵਾਸ!

ਨਰਾਇਣਾ : ਕੰਮ ਦਾ ਮੁੱਲ ਹੈ, ਚੰਮ ਦਾ ਨਹੀਂ। ਜੋ ਕੰਮ ਨਹੀਂ ਕਰਦਾ ਉਹ ਮਰ ਜਾਂਦਾ ਹੈ। ਕੁਦਰਤ ਦਾ ਕ੍ਰਿਸ਼ਮਾ! ਲੱਖਾਂ ਜੰਗਲ ਤੇ ਫਲ ਫੁੱਲ ਇਕ ਬੀਜ ਵਿਚ ਸੁੱਤੇ ਪਏ ਹਨ: ਅੰਨ੍ਹੀ ਸ਼ਕਤੀ ਭਰੀ ਪਈ ਹੈ ਇਕ ਇਕ ਦਾਣੇ ਵਿਚ। ਮਨੁੱਖ ਵੀ ਇਸੇ ਤਰ੍ਹਾਂ ਹੈ। ਉਸ ਵਿਚ ਉਪਜਾਉਣ ਤੇ ਨਾਸ਼ ਕਰਨ ਦੀ ਅੰਨ੍ਹੀ ਸ਼ਕਤੀ ਹੈ। ਮੈਂ ਜੰਗ ਵਿਚ ਇਹ ਗੱਲ ਦੇਖੀ, ਜਿਵੇਂ ਰੱਬ ਨੇ ਪੁੱਠਾ ਝੱਗਾ ਪਾ ਲਿਆ ਹੋਵੇ।

ਝੰਡੂ : ਮੈਂ ਵੀ ਪੁੱਠਾ ਝੱਗਾ ਪਾਈ ਫਿਰਦਾ ਹਾਂ। ਸਿਊਣਾਂ ਵਿਚ ਜੂੰਆਂ ਪੈ ਗਈਆਂ ਹਨ।
(ਮੱਘਰ ਜਾਣ ਲੱਗਦਾ ਹੈ।)
ਮੋਤੀਆਂ ਵਾਲਿਓ, ਇਕ ਅਰਜ ਕਰਨੀ ਸੀ...

ਮੱਘਰ : ਓਇ, ਕੀ ਐ ? ਹਰ ਵੇਲੇ ਅਰਜ। ਵੇਲਾ ਕੁਵੇਲਾ ਤਾਂ ਦੇਖ ਲਿਆ ਕਰ। ਤੜਕੇ, ਦੁਪਹਿਰੇ, ਆਥਣੇ, ਹਰ ਵੇਲੇ ਅਰਜ। ਭੌਂਕ।

ਝੰਡੂ : ਮਹਾਰਾਜ, ਮੇਰੀ ਛੀਆਂ ਮਹੀਨਿਆਂ ਦੀ ਤਨਖ਼ਾਹ ਰਹਿੰਦੀ ਏ।

ਮੱਘਰ : ਕਿੰਨੀ ?

ਝੰਡੂ : ਮੈਨੂੰ ਗਿਣਤੀ ਨਹੀਂ ਆਉਂਦੀ, ਬਖ਼ਤਾਵਰੋ। ਪਰ ਛੀਆਂ ਮਹੀਨਿਆਂ ਦੀ ਤਨਖ਼ਾਹ, ਡੂਢ ਰੁਪਈਏ ਦੇ ਹਿਸਾਬ ਨਾਲ ਕੋਈ ਨੌਂ ਦੇ ਨੇੜੇ ਤੇੜੇ ਬਣਦੀ ਏ।

ਮੱਘਰ : ਕੰਜਰਾ, ਹਾਲੇ ਤੈਨੂੰ ਹਿਸਾਬ ਨਹੀਂ ਆਉਂਦਾ ? ਜਦ ਤਨਖ਼ਾਹ ਜੋੜਨ ਦਾ ਵੇਲਾ ਆਉਂਦਾ ਏ ਤਾਂ ਲੇਖਾ ਤਾਂ ਬਾਣੀਏ ਵਾਂਗ ਕਰਦਾ ਏਂ। ਝੁਠਿਆ, ਸੰਝ ਸਵੇਰ ਘਰੋਂ ਲੱਸੀ ਦਾ ਗੜਵਾ ਲੈ ਜਾਣਾ ਏਂ। ਬਾਸੀ ਰੋਟੀਆਂ ਦੀ ਥਹੀ ਤੇਰੇ ਢਿੱਡ ਵਿਚ ਰੋਜ਼ ਪੈਂਦੀ ਏ। ਸ਼ਾਦੀ ਹੋਵੇ ਭਾਵੇ ਮਰਗ, ਤੇਰੀ ਚਾਂਦੀ। ਕੋਈ ਜੰਮੇ, ਕੋਈ ਮਰੇ ਤੇਰੀ ਲਾਗ ਕਿਤੇ ਨਹੀਂ ਗਈ। ਫੇਰ ਵੀ ਹੱਥ ਅੱਡਿਆ ਰਹਿੰਦੈ। ਇਹ ਤਨਖ਼ਾਹ ਤਾਂ ਥੋੜੇ ਕਮੀਨਾਂ ਦਾ ਵਜ਼ੀਫਾ ਲਗਿਐ। ਜ਼ਾਤੇ!

ਝੰਡੂ ਮਹਾਰਾਜ, ਏਸ ਬਗ਼ੈਰ ਗੁਜ਼ਾਰਾ ਵੀ ਤੇ ਨਹੀਂ।

ਮੱਘਰ : ਘਰ ਜਾ ਕੇ ਸਰਦਾਰਨੀ ਕੋਲੋਂ ਮੰਗੀਂ। ਮੇਰਾ ਸਿਰ ਨਾ ਖਾਹ।

ਝੰਡੂ : ਜੀ ਉਹਨਾ ਨੂੰ ਆਖਦਾ ਹਾਂ ਤਾਂ ਜੁਆਬ ਮਿਲਦਾ ਏ ਸਰਦਾਰ ਕੋਲੋਂ ਮੰਗ। ਮੈਂ ਤਾਂ ਠੇਡੇ ਖਾਂਦਾ ਫਿਰਦੈਂ।

ਮੱਘਰ : ਕੁੱਤਿਆ, ਗਲੀ ਵਿਚ ਵੀ ਤਨਖ਼ਾਹ ਮੰਗਦਾ ਏਂ! ਕੱਲ ਨੂੰ ਆਈਂ ਤੜਕੇ।

ਝੰਡੂ : ਮਹਾਰਾਜ, ਬਸ ਇਸੇ ਕਲ੍ਹ ਦੀ ਉਡੀਕ ਵਿਚ ਹਾਂ...

ਮੱਘਰ : ਹਾਂ ਸੁਣ! ਕਲ੍ਹ ਨੂੰ ਤੜਕੇ ਸੁਨਿਆਰ ਕੋਲ ਜਾਵੀਂ ਤੇ ਮੇਰੇ ਕੁੱਕੜ ਲਈ ਝਾਂਜਰਾਂ ਲੈ ਕੇ ਆਵੀਂ। ਝਾਂਜਰਾਂ ਬਿਨਾਂ ਉਹ ਠੀਕ ਨਹੀਂ ਲੜਦਾ।

ਝੰਡੂ : ਜੋ ਹੁਕਮ ਹੋਵੇ ਮੋਤੀਆਂ ਵਾਲਿਓ। ਪਰ ਮੇਰੀ ਅਰਜ ਤਾਂ...

(ਝੰਡੂ ਝੁੱਕ ਕੇ ਉਸ ਦੇ ਗੋਡਿਆਂ ਨੂੰ ਹੱਥ ਲਾਉਂਦਾ ਹੈ।)

ਮੱਘਰ : ਖਬਰਦਾਰ, ਪਰਾਂ ਹੱਟ। ਦਿਸਦਾ ਨਹੀਂ, ਪਰਾਂ ਹਟ! ਓ ਸਹੁਰਿਆ, ਤੂੰ ਮੇਰੇ ਗੋਡਿਆਂ ਨੂੰ ਭਿਟ ਦੇਵੇਂਗਾ। ਜਾਹ, ਉਥੇ ਮੇਰੀ ਛਾਂ ਦੇ ਗੋਡਿਆਂ ਨੂੰ ਹੱਥ ਲਾ।

ਨਰਾਇਣਾ : ਮੈਂ ਚੱਲਾਂ। ਮੇਲੇ ਵਿਚ ਹਰ ਸਾਲ ਜਾਂ ਤੇ ਲੜਾਈ ਹੁੰਦੀ ਐ ਜਾਂ ਕੋਈ ਕੁੜੀ ਉਧਲ ਜਾਂਦੀ ਏ। ਆਏ ਸਾਲ ਇਹ ਮੇਲਾ ਭੈਰੋਂ ਵਾਂਗ ਕਿਸੇ ਦੀ ਬਲੀ ਲੈਂਦਾ ਏ।

(ਤਾਰੋ ਆਉਂਦੀ ਹੈ।)

ਤੇਰਾ ਮਾਮਾ ਤੈਨੂੰ ਟੋਲਦਾ ਫਿਰਦਾ ਸੀ, ਮਿਲਿਆ ਨਹੀਂ ਉਹ ?

(ਬਚਨਾ ਆਉਂਦਾ ਹੈ।)

ਤਾਰੋ : ਠੇਕੇ ਤੇ ਗਈ ਤਾਂ ਉਹ ਉਥੇ ਨਹੀਂ ਸੀ। ਬਸ ਤਿੰਨ ਜੱਟ ਬੈਠੇ ਸਨ — ਲਾਲ ਅੱਖਾਂ। ਬਹੁਤੀ ਪੀ ਕੇ ਉਹ ਡਾਂਗਾਂ ਨੂੰ ਨਵ੍ਹਾ ਰਹੇ ਸਨ ਸ਼ਰਾਬ ਵਿਚ। ਆਖਦੇ ਸਨ, ਅਸੀਂ ਪੀਏ ਤੇ ਸਾਡੀ ਡਾਂਗ ਨਾ ਪੀਏ ? ਜੱਟ ਤੇ ਡਾਂਗ ਇਕ ਜਿੰਦ। (ਵਕਫ਼ਾ) ਮੇਰੀਆਂ ਚੂੜੀਆਂ ਕਿੱਥੇ ਨੇ ?

(ਤਾਰੋ ਬੈਠ ਜਾਂਦੀ ਹੈ ਤੇ ਆਪਣੀਆਂ ਚੀਜ਼ਾਂ ਸਾਂਭਦੀ ਹੈ।)

ਬਚਨਾ : ਇਹ ਸਾਵੀਆਂ ਤੇ ਇਹ ਬਰੀਕ ਕੰਗਣੀ ਵਾਲੀਆਂ। ਇਹੋ ਆਖੀਆਂ ਸਨ ਨਾ ਤੂੰ ?

ਤਾਰੋ : ਹਾਂ, ਇਹੋ।

(ਨਿਹਾਲੀ ਆਉਂਦੀ ਹੈ।)

ਨਿਹਾਲੀ : ਊਂਹ, ਕਿੰਨੀਆਂ ਚੂੜੀਆਂ ਤੋੜੀਆਂ ਪਈਆਂ ਨੇ। ਹਰ ਥਾਂ ਕੱਚ ਦੇ ਟੋਟੇ। ਉਫ਼...ਫ਼...ਫ਼!

(ਰੌਲਾ ਸੁਣਦਾ ਹੈ। ਮਾੜੂ ਤੇ ਤਾਬਾਂ ਆਉਂਦੇ ਹਨ। ਮਾੜੂ ਨੇ ਪੀਤੀ ਹੋਈ ਹੈ।)

ਮਾੜੂ : ਪਸ਼ੂਆਂ ਦੇ ਮੇਲੇ ਵਿਚ ਤੀਵੀਂ ਦਾ ਕੀ ਕੰਮ ? ਤੀਵੀਂਆਂ ਨੂੰ ਭੇਡਾਂ ਦੇ ਮੇਲੇ 'ਚ ਜਾਣਾ ਚਾਹੀਦਾ ਹੈ ਤੇ ਜੱਟਾਂ ਨੂੰ ਊਠਾਂ ਦੇ ਮੇਲੇ 'ਚ। ਕਿਧਰ ਗਈ ਤਾਰੋ ?

ਤਾਬਾਂ : ਵੇ ਹੁਣ ਤੂੰ ਉਸ ਨੂੰ ਸਾਂਭ ਕੇ ਰਖ।

ਮਾੜੂ : ਹਾਂ ਸਾਂਭ ਕੇ ਤਾਂ ਰਖਿਆ ਏ। ਆਦਮੀ ਨੂੰ ਪੱਗ ਤੇ ਕੁੜੀ ਸਾਂਭ ਕੇ ਰਖਣੀ ਚਾਹੀਦੀ ਏ। ਮੇਰੀ ਪੱਗ ਦੇਖੀ ਐ ? ਕਦੇ ਨਹੀਂ ਢਹਿੰਦੀ।

(ਉਸ ਦੀ ਪੱਗ ਦਾ ਲੜ ਲਮਕ ਰਿਹਾ ਹੈ।)

ਨਰਾਇਣਾ : ਅਮਲੀਆ, ਡਿੱਗਦਾ ਫਿਰਦਾ ਏਂ, ਜਾ ਘਰ।

ਮਾੜੂ : ਕਿਥੇ ਐ ਤਾਰੋ ? ਹੂੰ, ਏਥੇ ਬੈਠੀ ਐਂ! ਕੀ ਕਰਦੀ ਐਂ ਨੀਂ ਤੂੰ ਏਥੇ ?

ਤਾਰੋ : ਮੈਂ ਤਾਂ ਤੈਨੂੰ ਟੋਲਦੀ ਫਿਰਦੀ ਸਾਂ ਮਾਮਾ।

ਮਾੜੂ : ਮੈਨੂੰ ਟੋਲਦੀ ਫਿਰਦੀ ਸੈਂ ? ਝੂਠੀਏ, ਪਵਾਨਾਂ ਤੈਨੂੰ ਚੂੜੀਆਂ ? ਛੱਡ!

ਤਾਰੋ : ਆਂਹਾਂ...ਮੇਰੀਆਂ ਚੂੜੀਆਂ ਟੁੱਟ ਜਾਣਗੀਆਂ....।

(ਮਾੜੂ ਉਸ ਦੀ ਬਾਂਹ ਮਰੋੜਦਾ ਹੈ।)

ਨਰਾਇਣਾ : ਕੀ ਕਰਦਾ ਏਂ ? ਕਮਲਾ ਹੋ ਗਿਆ ?

ਮਾੜੂ : ਚਲ ਘਰ!

(ਉਸ ਨੂੰ ਫੜ ਕੇ ਘਸੀਟਦਾ ਹੈ।)

ਤਾਰੋ : ਛੱਡ ਦੇ ਮੈਨੂੰ!

ਨਰਾਇਣਾ : ਸ਼ਰਮ ਨਹੀਂ ਆਉਂਦੀ ਤੈਨੂੰ ? ਸਭ ਦੇ ਸਾਹਮਣੇ ਗੁੱਤੋਂ ਧੂਹਣ ਲੱਗਿਆ ਏਂ ?

ਮਾੜੂ : ਤੈਨੂੰ ਕੀ ? ਕੁੜੀ ਮੇਰੀ ਹੈ ਕਿ ਤੇਰੀ ?

ਬਚਨਾ : ਸ਼ਰਾਬ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਹੈਂ ?

(ਦੌੜ ਕੇ ਉਸ ਨੂੰ ਛੁਡਾਉਂਦਾ ਹੈ।)

ਮਾੜੂ : ਜਾਹ, ਜਾਹ!

ਨਿਹਾਲੀ : (ਪੁੱਤ ਨੂੰ ਫੜ ਕੇ) ਵੇ ਤੈਨੂੰ ਕੀ ? ਲੈ ਜਾਏ ਆਪਣੀ ਕੁੜੀ ਨੂੰ। ਤੂੰ ਵਿਚ ਕਿਉਂ ਪੈਂਦਾ ਏਂ ?

ਤਾਰੋ : ਛੱਡ ਦੇ ਮੈਨੂੰ, ਛੱਡ ਦੇ!

(ਮਾੜੂ ਉਸ ਨੂੰ ਧੂਹ ਕੇ ਲੈ ਜਾਂਦਾ ਹੈ।)

ਹਾਏ ਮੇਰੀਆਂ ਚੂੜੀਆਂ! ਮੇਰੀਆਂ ਵੰਗਾਂ...ਹਾਏ...!

ਨਰਾਇਣਾ : ਵਿਚਾਰੀ! ਆਪਣਾ ਤੋਤਾ ਵੀ ਇਥੇ ਹੀ ਭੁੱਲ ਗਈ। ਮੈਂ ਜਾ ਕੇ ਉਸ ਨੂੰ ਦੇ ਆਵਾਂ।

(ਉਹ ਪਿੰਜਰਾ ਚੁੱਕ ਕੇ ਚਲਾ ਜਾਂਦਾ ਹੈ।)

ਪਰਦਾ

# ਦੂਜਾ ਐਕਟ

## ਪਹਿਲੀ ਝਾਕੀ

ਮੱਘਰ ਤੇ ਤਾਬਾਂ ਗੱਲਾਂ ਕਰਦੇ ਆਉਂਦੇ ਹਨ।

ਮੱਘਰ : ਮੇਰਾ ਕੰਮ ਕਰ ਦਿਤਾ ?

ਤਾਬਾਂ : ਮੈਂ ਤਾਂ ਹਵਾ ਨੂੰ ਗੰਢ ਮਾਰ ਦਿਆਂ! ਬੱਦਲਾਂ ਵਿਚ ਮੋਰੀ ਕਰ ਦਿਆਂ। ਅਸਮਾਨ ਨੂੰ ਟਾਕੀ ਲਾ ਦਿਆਂ!

ਮੱਘਰ : ਫੇਰ ਮੇਰੀ ਕਿਸਮਤ ਨੂੰ ਟਾਕੀ ਲਾਈ ? ਅੱਗੇ ਗੱਲ ਤੋਰੀ ?

ਤਾਬਾਂ : ਪੈਸਿਆਂ ਬਾਝੋਂ ਗੱਲ ਕਿਵੇਂ ਤੋਰਾਂ ? ਤੇਲ ਬਿਨਾਂ ਚਰਖੇ ਦੀ ਲੱਠ ਫਿਰਦੀ ਐ ਕਦੇ ?

ਮੱਘਰ : ਰੁਪਏ ਮਿਲ ਜਾਣਗੇ ਤੈਨੂੰ ? ਕੋਈ ਭੱਜੇ ਜਾਂਦੇ ਨੇ ਕਿਤੇ ?

ਤਾਬਾਂ : ਹੂੰ ...ਝੂਠੇ ਲਾਰੇ!

ਮੱਘਰ : ਮੇਰਾ ਇਤਬਾਰ ਨਹੀਂ ਕਰਦੀ ?

ਤਾਬਾਂ : ਬਥੇਰਾ ਇਤਬਾਰ ਕੀਤਾ ਤੇਰਾ। ਐਨਾ ਤਾਂ ਮੈਂ ਕਦੇ ਆਪਣੇ ਖਸਮ ਦਾ ਵੀ ਨਹੀਂ ਸੀ ਕੀਤਾ। ਪਰ ਇਸ ਦਾ ਇਨਾਮ ਕੀ ਮਿਲਿਆ ? ਮਿੱਟੀ! ਤੇਰੀ ਖ਼ਾਤਰ ਮੈਂ ਕਿਥੇ ਕਿਥੇ ਨਹੀਂ ਫੇਰੇ ਪਾਏ ? ਨਾਈਆਂ ਦੀ ਕੁੜੀ ਤੈਨੂੰ ਫਾਹ ਕੇ ਦਿਤੀ — ਖਖੜੀ ਵਰਗੀ ਕੁੜੀ। ਰਣੀਏ ਲੁਹਾਰ ਦੀ ਭਤੀਜੀ ਲਿਆਂਦੀ। ਸਭ ਨੂੰ ਛਕ ਗਿਆ : ਛੋਕੜ ਮੈਨੂੰ ਠੁੱਠ ਦਿਖਾ ਦਿਤਾ। ਦੋ ਸੌ ਰੁਪਏ ਦੇਣ ਦਾ ਕੌਲ ਕੀਤਾ ਸੀ, ਪਰ ਦੋ ਸੌ ਗੀਠੇ ਵੀ ਨਾ ਦਿਤੇ ਤੂੰ।

ਮੱਘਰ : ਨੀ ਠਹਿਰ! ਗੱਲ ਸੁਣ! ਲੈ ਫੜ ਹਾਲ ਦੀ ਘੜੀ ਪੰਜਾਹ ਤਾਂ ਫੜ।

ਤਾਬਾਂ : (ਰੁਪਏ ਛਣਕਾ ਕੇ) ਕਿੰਨੇ ਆਖੇ ਨੇ ? ਪੰਜਾਹ। ਪੰਜਾਹ ਠੀਕਰਿਆਂ ਵਿਚ ਕੁੜੀ ਭਾਲਦਾ ਏਂ ?

ਮੱਘਰ : ਪੰਜਾਹ ਥੋੜੇ ਨੇ ? ਤੂੰ ਕਰਨਾ ਈ ਕੀ ਹੈ ? ਦੋ ਗੱਲਾਂ ਐਧਰ ਮਾਰੀਆਂ ਦੋ ਓਧਰ। ਜੀਭ ਘਸ ਜਾਊ ਤੇਰੀ ?

ਤਾਬਾਂ : ਮੈਂ ਜੀਭ ਹਿਲੌਣੀ ਆਂ, ਤੂੰ ਤਾਂ ਉਹ ਵੀ ਨਹੀਂ ਕਰਦਾ। ਬੜੀ ਮਿਹਨਤ ਦੀ ਗੱਲ ਏ। ਕੁੱਤਾ ਵੀ ਪੂਛ ਹਿਲਾਉਂਦਾ ਏ ਤਾਂ ਰੋਟੀ ਦੇ ਟੁੱਕਰ ਨੂੰ। ਨਾ ਦੇਵੇ ਤਾਂ ਵੱਢ ਖਾਂਦਾ ਏ। ਕੁੜੀ ਘੇਰ ਕੇ ਲਿਆਉਣੀ ਸੌਖੀ ਐ ਕਿਤੇ ? ਸੱਪ ਦੇ ਸਿਰੋਂ ਕੌਡੀ ਕੱਢਣ ਵਾਲੀ ਗੱਲ ਏ। ਜੈਲਦਾਰ ਦੀ ਨੂੰਹ ਨਾਲ ਗੱਲ ਪੱਕੀ ਠੱਕੀ ਕਰ ਲਈ। ਉਹ ਵੀ ਮੰਨ ਗਈ। ਆਥਣੇ ਜਦ ਮੈਂ ਤੇਰੇ ਤਵੇਲੇ ਨੂੰ ਆਉਣ ਲੱਗੀ ਤਾਂ ਉਸ ਦੇ ਪੁੱਤ ਨੂੰ ਪਤਾ ਲੱਗ ਗਿਆ। ਸੋਟਾ ਚੱਕ ਕੇ ਆਇਆ। ਮੇਰਾ ਖੋਪੜ ਗ਼ਾੜ੍ਹ ਦੇਣਾ ਸੀ। ਮਾਰੀ ਜਾਂਦੀ ਮੈਂ, ਤੇਰਾ ਕੀ ਜਾਂਦਾ ?

ਮੱਘਰ : ਆਂ ਹਾਂ — ਤੂੰ ਤਾਂ ਰੁੱਸ ਗਈ! ਨੀ ਕਮਲੀਏ, ਮੇਰੇ ਬਾਬਾ ਜੀ ਮਹਾਰਾਜਾ ਸਾਹਿਬ ਦੇ ਡਿਉਢੀ ਅਫਸਰ ਸਨ। ਉਹਨਾਂ ਦੀ ਮੁੱਛ ਦਾ ਵਾਲ। ਮੇਰੇ ਜੰਮਣ ਉਤੇ ਉਹਨਾਂ ਨੇ ਸਿਉਨੇ ਦੀਆਂ ਮੁਹਰਾਂ ਵੰਡੀਆਂ ਸਨ।

ਤਾਬਾਂ : ਪੂਰੇ ਪੈਸੇ ਦੇਵੇਂਗਾ ਤਾਂ ਗੱਲ ਤੁਰੂ।

ਮੱਘਰ : ਮੇਰੀ ਸੱਸ ਮੰਜੀ ਮੱਲੀ ਪਈ ਏ। ਮਰਨ ਉਤੇ ਮੈਂ ਉਸ ਦੀ ਸਾਰੀ ਜਾਇਦਾਦ ਦਾ ਵਾਰਸ ਆਂ। ਪੰਜਾਹ ਤੈਨੂੰ ਹੁਣ ਦੇ ਦਿਤੇ, ਬਾਕੀ ਉਸ ਦੇ ਮਰਨ ਤੇ ਦਿਆਂਗਾ।

ਤਾਬਾਂ : ਹੂੰ, ਬੁੱਢੀ ਬੜੀ ਤਗੜੀ ਏ। ਪਿਛਲੇ ਦੋ ਸਾਲਾਂ ਤੋਂ ਉਸ ਦੇ ਮਰਨ ਦੀਆਂ ਗੱਲਾਂ ਸੁਣਦੀ ਆਂ। ਏਡੀ ਛੇਤੀ ਨਹੀਂ ਉਸ ਮੰਜੀ ਛੱਡਣੀ।

ਮੱਘਰ : ਛੇਕੜਲੇ ਸਾਹ ਤੇ ਐ, ਇਕ ਦਿਨ ਤਾਂ ਮਰੂਗੀ ਨਾ। ਸਾਂਭਣ ਵਾਲਾ ਕੌਣ ਐ ?

ਤਾਬਾਂ : ਤੇਰੀ ਤੀਵੀਂ ਜੋ ਬੈਠੀ ਏ। ਉਸ ਨੇ ਪੈਸੇ ਨੂੰ ਹੱਥ ਨਹੀਂ ਲਾਉਣ ਦੇਣਾ। ਸਾਰਾ ਰੁਪਿਆ ਉਸ ਆਪ ਸਾਂਭਣਾ ਏ।

ਮੱਘਰ : ਉਹ ਸਾਂਭਦੀ ਏ, ਖ਼ਰਚਦੀ ਨਹੀਂ। ਖ਼ਰਚਾਂਗਾ ਮੈਂ ਈ। ਸੰਸਾ ਨਾ ਕਰ। ਰੁਪਏ ਕਿਤੇ ਨੱਸੇ ਨਹੀਂ ਜਾਂਦੇ। ਬੱਸ ਤਾਰੋ ਦੇ ਮਾਮੇ ਦੇ ਕੰਨ ਵਿਚ ਫੂਕ ਮਾਰ ਦੇ — ਜੋ ਕਹੇਂਗੀ, ਮਿਲ ਜਾਊ।

(ਠਾਕਰੀ ਘਰ ਦੀ ਕੰਧ ਉਤੋਂ ਦੀ ਝਾਕਦੀ ਹੈ ਤੇ ਉੱਚੀ ਉੱਚੀ ਬੋਲਦੀ ਹੋਈ ਪ੍ਰਵੇਸ਼ ਕਰਦੀ ਹੈ।)

ਠਾਕਰੀ : ਮਾਰਦਾ ਫਿਰਦਾ ਏ ਟੰਗਾਂ ? ਸ਼ਰਮ ਨਹੀਂ ਆਉਂਦੀ ? ਤੂੰ ਏਥੇ ਕੀ ਕਰਦਾ ਏਂ ਬੇਦਲਾ ? ਤੀਵੀਂ ਦੀ ਤਾਂ ਦੂਰੋਂ ਈ ਸੂਹ ਕੱਢ ਲੈਂਦਾ ਏਂ। ਬੱਸ ਘੱਗਰੀ ਦਿਸ ਪਵੇ ਫਿਰ ਸੌ ਖੂਹ ਖਾਈਆਂ ਟੱਪ ਕੇ ਜਾ ਵੜਦਾ ਏਂ ਉਥੇ। ਮੈਂ ਆਖਦੀ ਆਂ, ਕਿਸੇ ਦਿਨ ਕਿਸੇ ਖਾਈ ਵਿਚ ਡਿਗ ਪੈਣਾ ਏਂ ਤੂੰ।

ਮੱਘਰ : ਅੱਛਾ, ਅੱਛਾ, ਘਰ ਚਲ, ਆ ਜਾਨਾਂ।

ਠਾਕਰੀ : ਮੁੱਛਾਂ ਨੂੰ ਵੱਟ ਦੇਣ ਲੱਗਿਆ ਏਂ, ਇਸ ਤੋਂ ਘਰ ਬੈਠ ਕੇ ਰੱਸਾ ਵੱਟੇਂ ਤਾਂ ਕੁਝ ਰੁਪਈਏ ਆਉਣ।

ਮੱਘਰ : ਤੂੰ ਨਾ ਕਦੇ ਪਿਛੋਂ ਹਟੀ ? ਬਸ ਪੂਛ ਵਾਂਗ ਪਿਛੇ ਹੀ ਪਿਛੇ।

ਠਾਕਰੀ : ਮੇਲੇ ਵਿਚ ਗਿਆ ਸੈਂ, ਗਊ ਮੁੱਲ ਲਿਆਂਦੀ ? ਤੇ ਮੇਰੀ ਸੂਫ਼ ਦੀ ਘੱਗਰੀ ? ਕੀ ਕੀਤਾ ਉਹਨਾਂ ਰੁਪਈਆਂ ਦਾ ?

ਮੱਘਰ : ਮੇਲੇ ਵਿਚ ਨਾ ਕੋਈ ਚੰਗੀ ਗਾਂ ਮਿਲੀ ਨਾ ਤੇਰੀ ਸੂਫ਼ ਦੀ ਘੱਗਰੀ ?

ਠਾਕਰੀ : ਤੇ ਰੁਪਏ ਕਿਧਰ ਗਏ ? ਲਿਆ ਫੜਾ।

ਮੱਘਰ : ਉੱਡ ਗਏ — ਫੁਰਰਰਰ।

ਠਾਕਰੀ : ਜੇ ਮੈਂ ਨਾ ਹੋਵਾਂ, ਘਰ ਤੀਜੇ ਦਿਨ ਹੇਠਾਂ ਆ ਪਵੇ। ਤੂੰ ਮੇਰੀਆਂ ਟੂਮਾਂ ਵੇਚ ਵੱਟ ਕੇ ਖਾ ਗਿਆ। ਤੀਵੀਆਂ ਦੇ ਢਿੱਡ ਵਿਚ ਪਾ ਦਿਤੇ ਪੈਸੇ। ਤੂੰ ਤਾਂ ਮੈਨੂੰ ਵੀ ਵੇਚ ਆਵੇਂ। ਇਹੋ ਜਿਹਾ ਕੁੱਤਾ ਆਦਮੀ ਕਿਸੇ ਦਾ ਨਾ ਹੋਵੇ!

ਮੱਘਰ : ਅੱਛਾ, ਅੱਛਾ, ਭੌਂਕ ਨਾ! ਚਲ ਘਰ। ਆਦਮੀ ਪੁਲੀਸ ਤੋਂ ਬਚ ਜਾਊ, ਪਲੇਗ ਤੋਂ ਬਚ ਜਾਊ, ਪਰ ਤੇਰੇ ਵਰਗੀ ਤੀਵੀਂ ਤੋਂ ਨਹੀਂ ਬਚ ਸਕਦਾ। ਤੂੰ ਤਾਂ ਪਤਾਲ ਵਿਚ ਵੀ ਮੇਰੇ ਪਿੱਛੇ ਹੀ ਆਉਣੈਂ।

ਠਾਕਰੀ : ਤੇਰੇ ਵਰਗੇ ਨੂੰ ਨਰਕ ਵਿਚ ਹੀ ਥਾਂ ਮਿਲੂ, ਹੋਰ ਕਿਥੇ।

ਮੱਘਰ : ਫ਼ਿਕਰ ਨਾ ਕਰ, ਘਰ ਹੀ ਮਰੂੰਗਾ — ਤੇਰੀਆਂ ਅੱਖਾਂ ਸਾਹਮਣੇ। ਪਰ ਹਾਲੇ ਨਹੀਂ, ਮੇਲੇ ਪਿਛੋਂ।

(ਮੱਘਰ ਜਾਂਦਾ ਹੈ।)

ਤਾਬਾਂ : ਗਲੀ ਵਿਚ ਖੜ ਖੜ ਕੇ ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਉਂਦੀ ਹੈਂ, ਠਾਕਰੀਏ ? ਜਾ ਆਪਣੇ ਘਰ।

ਠਾਕਰੀ : ਮੈਂ ਡਰਦੀ ਐਂ ਲੋਕਾਂ ਤੋਂ। ਇਕ ਦਿਨ ਤਾਂ ਹੋਣਾ ਹੀ ਹੈ ਤਮਾਸ਼ਾ। ਦੇਖੂੰਗੀ ਕਿਸ ਨੂੰ ਲੈ ਕੇ ਆਉਂਦਾ ਹੈ ਮੇਰੇ ਉਤੋਂ ਦੀ ? ਮੇਰੇ ਮਰੀ ਪਿਛੋਂ ਹੀ ਕੋਈ ਰੰਨ ਇਸ ਘਰ ਦੀ ਦੇਹਲੀ ਟੱਪੂ! ਜਿੱਦਣ ਮੇਰਾ ਸਿਵਾ ਬਲਿਆ ਉਸ ਦਿਨ ਇਹ ਕੁੱਤਾ ਜੰਞ ਚੜ੍ਹੂਗਾ! ਲਿਆਵੇ ਤਾਂ ਸਹੀ ਕਿਸੇ ਨਿਪੁੱਤੀ ਨੂੰ ਜੇ ਨਾ ਬਲਦਾ ਬਲਦਾ ਚੋਅ ਮਾਰਾਂ ਉਸ ਦੇ ਮੱਥੇ ਵਿਚ!

(ਘੱਗਰੀ ਫੜਕਾਉਂਦੀ ਜਾਂਦੀ ਹੈ।)

ਤਾਬਾਂ : ਵੱਡੀ ਮਜਾਜਣ! ਪੁੱਤ ਤਾਂ ਜੰਮ ਨਹੀਂ ਹੁੰਦਾ, ਪਰ ਰੌਲਾ ਪਾਉਣ ਨੂੰ ਵੀਹਾਂ ਵਰਗੀ। (ਨਸਵਾਰ ਦੀ ਚੂੰਢੀ ਲੈਂਦੀ ਹੈ।) ਨਾੜਾਂ ਜੰਮ ਗਈਆਂ। ਸੋਚਾਂ ਕੀ ਸੁਆਹ। ਆ-ਾ-ਾ-ਾ-ਛੂ! ਡਮਾਕ ਵਿਚ ਚਾਨਣ ਹੋ ਗਿਆ। ਪੰਜਾਹ ਰੁਪਏ। ਮਾੜੇ ਨਹੀਂ ਪੰਜਾਹ ਰੁਪਏ। ਮੇਰੀ ਨਸਵਾਰ ਦੀ ਡੱਬੀ ਮੁੱਕੀ ਹੋਈ ਹੈ। ਨਸਵਾਰ ਦੀ ਚੂੰਢੀ ਹੋਵੇ ਤਾਂ ਕੁਝ ਫੁਰੇ। ਮੱਘਰ ਤਾਰੋ ਦੇ ਪਿੱਛੇ ਕਦੋਂ ਦਾ ਲਗਿਆ ਫਿਰਦਾ ਹੈ। ਬੁੱਢਾ ਸਾਹਣ! ਪੰਜਾਹਾਂ ਤੋਂ ਟੱਪ ਗਿਆ, ਪਰ ਪਿਉ ਦਾਦੇ ਵਾਲੀ ਲਲਕ ਨਹੀਂ ਗਈ। ਔਹ ਆਉਂਦੀ ਐ ਤਾਰੋ! ਇਸ ਦਾ ਵਿਆਹ, ਜੇ ਮੱਘਰ ਨਾਲ ਕਰਾ ਦਿਆਂ ਤਾਂ ਇਕੋ ਵਾਰ ਚਾਰ ਕੰਮ ਸਿੱਧ ਹੁੰਦੇ ਨੇ। ਇਸ ਨੂੰ ਕਿਸੇ ਚੰਗੇ ਘਰ ਦੀ ਲੋੜ ਐ ਤੇ ਮੱਘਰ ਨੂੰ ਕੁੜੀ ਦੀ। ਮਾੜੂ ਨੂੰ ਸ਼ਰਾਬ ਮਿਲ ਜਾਊ ਤੇ ਮੈਨੂੰ ਰੁਪਏ। ਪਰ ਗੱਲ ਕਿਵੇਂ ਤੋਰਾਂ ?

(ਤਾਰੋ ਤੇ ਮਾੜੂ ਆਉਂਦੇ ਹਨ।)

ਕੀ ਹਾਲ ਏ ਅਮਲੀਆ ? ਇਸ ਸਾਲ ਤਾਂ ਮੇਲਾ ਬੜਾ ਭਰਵਾਂ ਐ। ਦੂਰੋਂ ਦੂਰੋਂ ਮਾਲ ਵਿਕਣ ਆਇਆ ਏ। ਤੂੰ ਕੁਝ ਲੀਤਾ ? ਕੁਝ ਵੇਖਿਆ ?

ਮਾੜੂ : ਮੇਰੇ ਕੋਲ ਵੇਚਣ ਨੂੰ ਹੈ ਕੀ ? ਇਕ ਬੇਰੀ।

(ਤਾਰੋ ਖੁੰਢ ਉਤੇ ਬੈਠ ਜਾਂਦੀ ਹੈ।)

ਤਾਬਾਂ : (ਤਾਰੋ ਵਲ ਦੇਖ ਕੇ) ਮੈਂ ਦੇਖੀ ਏ ਬੇਰੀ ਤੇਰੇ ਵਿਹੜੇ 'ਚ ਪੱਕੇ ਪੱਕੇ ਬੇਰਾਂ ਨਾਲ ਲੱਦੀ ਹੋਈ।

ਮਾੜੂ : ਕੋਈ ਵੇਲਾ ਸੀ ਮੇਰੇ ਕੋਲ ਖੇਤ ਸੀ, ਜਿਸ ਵਿਚ ਚਾਰ ਸੌ ਦਰੱਖ਼ਤ ਸਨ, ਟਾਹਲੀ, ਕਿੱਕਰ, ਫਲਾਹ ਤੇ ਜੰਡ...ਮੈਂ ਸਭ ਵੇਚ ਦਿਤੇ। ਬਸ ਇਕ ਬੋਤਲ ਪਿਛੇ ਇਕ ਦਰੱਖ਼ਤ ਲਾ ਰਖਿਆ ਸੀ। ਚਾਰ ਸੌ ਬੋਤਲਾਂ। ਤੂੰ ਸਮਝ ਲੈ ਮੈਂ ਚਾਰ ਸੌ ਦਰੱਖ਼ਤ ਪੀ ਗਿਆ। ਹੁਣ ਬੱਸ ਇਕ ਬੇਰੀ ਰਹਿ ਗਈ ਏ! ਮੈਂ ਇਸ ਨੂੰ ਛੇਤੀ ਹੀ ਵੇਚ ਦੇਵਾਂਗਾ। ਪਰ ਕੋਈ ਚੰਗਾ ਗਾਹਕ ਚਾਹੀਦਾ ਏ।

ਤਾਬਾਂ : ਕਿਤੇ ਸੌਦਾ ਬਣਿਆ ?

ਮਾੜੂ : ਕਲ੍ਹ ਗਿਆਨ ਸਿੰਘ ਠੇਕੇਦਾਰ ਆਇਆ ਸੀ। ਆਖਣ ਲਗਿਆ, ਉਹ ਬੇਰੀ ਦੇ ਦੇ, ਇਸ ਬਦਲੇ ਤੈਨੂੰ ਬੀੜ ਦੇ ਲਾਗੇ ਖੂਹ ਦੇ ਦਿਆਂਗਾ। ਮੈਂ ਆਖਿਆ, ਊਂਹ! ਮੈਂ ਕੀ ਖੂਹ ਵਿਚ ਡੁੱਬਣਾ ਏਂ ? ਹਾਂ ਕਿਤੇ ਸ਼ਰਾਬ ਦਾ ਖੂਹ ਹੁੰਦਾ ਤਾਂ ਹੋਰ ਗੱਲ ਸੀ। ਚੁੱਭੀਆਂ ਮਾਰ ਮਾਰ ਪੀਂਦਾ ਤੇ ਸਾਰੀਆਂ ਕਸਰਾਂ ਕਢ ਲੈਂਦਾ।

ਮੈਂ ਸੁਣਿਆ ਏ, ਬਰਮਾ ਵਿਚ ਤੇਲ ਦੇ ਖੂਹ ਨੇ — ਸ਼ਰਾਬ ਦੇ ਖੂਹ ਨਹੀਂ ਕਿਤੇ ? (ਕੁਝ ਰੁਕ ਕੇ) ਛੇਕੜ ਬੇਰੀ ਵੇਚ ਦੇਵਾਂਗਾ, ਪਰ ਚੰਗੇ ਮੁੱਲ ਤੇ।

ਤਾਰੋ : ਠੇਕੇਦਾਰ ਨੂੰ ਬੇਰ ਵੇਚਣੇ ਕੀਤੇ ਨੇ ਮਾਮਾ ਕਿ ਬੇਰੀ ?

ਮਾੜੂ : ਮੈਂ ਤਾਂ ਬੇਰੀ ਦਾ ਸੌਦਾ ਕਰਾਂਗਾ। ਮੇਰੇ ਵਲੋਂ ਭਾਵੇਂ ਉਹ ਬੇਰ ਛਾਂਗ ਕੇ ਲੈ ਜਾਣ ਭਾਵੇਂ ਬੇਰੀ ਨੂੰ ਵੱਢ ਕੇ, ਇਕੋ ਗੱਲ ਏ। ਮੈਨੂੰ ਕੀ ?

ਤਾਰੋ : ਮੈਨੂੰ ਡਿੱਗੇ ਹੋਏ ਬੇਰ ਸਵਾਦ ਨਹੀਂ ਲੱਗਦੇ। ਜਦੋਂ ਮੈਂ ਬੇਰੀ ਉਤੇ ਚੜ੍ਹ ਕੇ ਉੱਚੀ ਟੀਸੀ ਤੋਂ ਪੱਕੇ ਪੱਕੇ ਬੇਰ ਤੋੜ ਕੇ ਖਾਂਦੀ ਆਂ ਤਾਂ ਸਵਾਦ ਆਉਂਦਾ ਏ।

ਮਾੜੂ : ਡਿੱਗੇ ਹੋਏ ਬੇਰਾਂ ਤੇ ਦੂਜਿਆਂ ਵਿਚ ਕੀ ਫ਼ਰਕ ਏ ਕੁੜੀਏ ? ਖਾਣੇ ਈ ਨੇ ਨਾ, ਕੋਈ ਰੱਖਣੇ ਥੋੜਾ ਹੀ ਨੇ। ਉਫ਼, ਕਿੰਨੀ ਗਰਮੀ ਏ। ਨਾਲ ਦੇ ਪਿੰਡ ਗਿਆ ਸਾਂ, ਮੁੜ੍ਹਕੋ-ਮੁੜ੍ਹਕੀ ਹੋ ਗਿਆ।

ਤਾਬਾਂ : ਚਲ ਉਸ ਬੋਹੜ ਥੱਲੇ ਬੈਠ ਜਾਈਏ। ਜੇ ਤੂੰ ਬੇਰੀ ਵੇਚਣੀ ਏਂ ਤਾਂ ਉਸ ਦੀ ਵੀ ਗੱਲ ਕਰ ਲਈਏ।

ਮਾੜੂ : ਹਾਂ, ਹਾਂ, ਪਰ ਮੈਂ ਭੋਹ ਦੇ ਭਾਅ ਨਹੀਂ ਲਾਈ। ਤਗੜੇ ਪੈਸੇ ਖਰੇ ਕਰਾਂਗਾ।

ਤਾਬਾਂ : ਸਿਆਣਾ ਆਦਮੀ ਸੁਆਹ ਵੀ ਸੋਨੇ ਦੇ ਭਾਅ ਵੇਚਦਾ ਏ, ਤੇ ਕਮਲਾ ਸੋਨਾ ਸੁਆਹ ਦੇ ਭਾਅ ਸੁੱਟ ਦੇਂਦਾ ਏ। ਪਰ ਚੰਗੀ ਰਕਮ ਖ਼ਰੀ ਕਰਨ ਲਈ ਵਿਚੋਲੇ ਦੀ ਲੋੜ ਏ। ਲੋਕਾਂ ਦੇ ਧੀਆਂ ਪੁੱਤਾਂ ਦੇ ਸਾਕ ਕਰਵਾਉਂਦਿਆਂ ਉਮਰ ਬੀਤ ਗਈ। ਇਹ ਵਾਲ ਧੁੱਪੇ ਨਹੀਂ ਚਿੱਟੇ ਹੋਏ। ਏਸ ਘਰੋਂ ਉਸ ਘਰ, ਤੇ ਉਸ ਘਰੋਂ ਇਸ ਘਰ। ਜੁੱਤੀਆਂ ਘਸ ਗਈਆਂ ਤੁਰਦੀ ਫਿਰਦੀ ਦੀਆਂ। ਤੂੰ (ਸੋਚ ਕੇ) ਕੁੜੀ ਨੂੰ ਉਂਗਲੀ ਲਾਈ ਫਿਰਦਾ ਏਂ। ਸੁੱਖ ਨਾਲ ਹੁਣ ਮੁਟਿਆਰ ਹੋ ਗਈ। ਇਸ ਦਾ ਕੁਝ ਸੋਚਿਆ ?

ਤਾਰੋ : ਤੈਨੂੰ ਕੀ ?

ਤਾਬਾਂ : ਲੈ ਮੈਨੂੰ ਨਹੀਂ ਤਾਂ ਹੋਰ ਕਿਸ ਨੂੰ ਹੋਊ ਫਿਕਰ। ਕਦੋਂ ਤੀਕ ਮਾਮੇ ਉਤੇ ਬੋਝ ਬਣ ਬੈਠੀ ਰਹੇਂਗੀ ? ਭਲਾ ਕੁੜੀਆਂ ਦਾ ਮੇਲਿਆਂ ਠੇਲਿਆਂ ਵਿਚ ਕੀ ਕੰਮ। ਘੋੜੀ ਆਪਣੇ ਥਾਨ ਉਤੇ ਚੰਗੀ ਲੱਗਦੀ ਐ, ਗਾਂ ਖੁਰਲੀ ਉਤੇ, ਤੇ ਜੁਆਨ ਕੁੜੀ ਵਿਹੜੇ ਵਿਚ।

ਮਾੜੂ : ਲੈ ਗਠੜੀ ਫੜੀਂ ਤਾਰੋ, ਤੇ ਲੱਛੂ ਬਜਾਜ ਦੀ ਹੱਟੀ ਉਤੇ ਉਡੀਕੀਂ ਮੈਨੂੰ। ਮੈਂ ਹੁਣੇ ਆਇਆ।

(ਮਾੜੂ ਤੇ ਤਾਬਾਂ ਜਾਂਦੇ ਹਨ। ਕੁੜੀਆਂ ਦਾ ਟੋਲਾ ਚੁਹਲਾਂ ਕਰਦਾ ਮੇਲੇ ਵਲ ਜਾ ਰਿਹਾ ਹੈ।)

ਪਹਿਲੀ ਕੁੜੀ : ਨੀ ਛੇਤੀ ਕਰ, ਸੂਰਜ ਸਿਰ ਤੇ ਆ ਗਿਆ।

ਦੂਜੀ ਕੁੜੀ : ਮੈਨੂੰ ਧਾਰ ਕੱਢਦੀ ਨੂੰ ਕੁਵੇਲਾ ਹੋ ਗਿਆ। ਗਾਂ ਲੇਵਾ ਚੜ੍ਹਾ ਗਈ ਸੀ।

ਤੀਜੀ ਕੁੜੀ : ਛਾਬੜੀਆਂ ਵਾਲੇ ਮੇਲੇ ਨੂੰ ਤੁਰੇ ਜਾਂਦੇ ਨੇ। ਆਪਾਂ ਵੀ ਛੇਤੀ ਛੇਤੀ ਚੱਲੀਏ।

ਚੌਥੀ ਕੁੜੀ : ਮੇਰੀ ਮਾਂ ਨੇ ਆਖਿਆ ਸੀ, ਪਾਥੀਆਂ ਪੱਥ ਕੇ ਜਾਈਂ ਮੇਲੇ। ਪਰ ਮੈਂ ਉਸ ਦੀ ਗੱਲ ਉਤੇ ਕੰਨ ਹੀ ਨਹੀਂ ਧਰਿਆ।

(ਸਭ ਹੱਸਦੀਆਂ ਹਨ।)

ਪਹਿਲੀ
ਕੁੜੀ : ਨੀ ਤਾਰੋ, ਤੂੰ ਇਥੇ ਬੈਠੀ ਕੀ ਕਰਦੀ ਏਂ ? ਮੇਲੇ ਨਹੀਂ ਚੱਲਣਾ।
ਤਾਰੋ : ਮੈਂ ਕਲ੍ਹ ਹੀ ਸਾਰਾ ਕੁਝ ਖ਼ਰੀਦ ਲਿਆ ਸੀ।
ਤੀਜੀ
ਕੁੜੀ : ਨੀ ਅਸੀਂ ਮੇਲੇ ਵਿਚ ਕੋਈ ਮੱਝਾਂ ਖ਼ਰੀਦਣ ਜਾਣਾ ਏ। ਮੇਲਾ ਤਾਂ ਬਸ ਘੜੀ ਬਿੰਦ ਦਾ ਹਾਸਾ ਮਖ਼ੌਲ ਹੁੰਦਾ ਏ। ਚੱਲ ਸਾਡੇ ਨਾਲ।
ਚੌਥੀ
ਕੁੜੀ : ਨੀ ਇਹ ਕਿਸੇ ਨੂੰ ਉਡੀਕਦੀ ਐ। ਚਲੋ ਆਪਾਂ ਚਲੀਏ।

(ਹੱਸਦੀਆਂ ਹੋਈਆਂ ਚਲੀਆਂ ਜਾਂਦੀਆਂ ਹਨ। ਬਚਨੇ ਦਾ ਹੋਕਾ ਸੁਣਾਈ ਦੇਂਦਾ ਹੈ।)

ਬਚਨਾ : (ਦਾਖਿਲ ਹੁੰਦਾ ਹੈ) ਗਲੀ ਗਲੀ ਵਣਜਾਰਾ ਫਿਰਦਾ,
ਕੋਈ ਵੰਙੜੀਆਂ ਲਉ ਨੀ ਚੜ੍ਹਾ।

(ਤਾਰੋ ਬਚਨੇ ਨੂੰ ਦੇਖ ਕੇ ਉਠਦੀ ਹੈ। ਇਕ ਭੇਦਾਂ ਭਰੀ ਚੁੱਪ। ਉਹ ਉਸ ਨੂੰ ਕੁਝ ਕਹਿਣ ਲਈ ਅਗੇ ਵਧਦੀ ਹੈ, ਪਰ ਝਿਜਕ ਕੇ ਰਹਿ ਜਾਂਦੀ ਹੈ। ਮਾੜੂ ਤੇ ਤਾਬਾਂ ਗੱਲਾਂ ਕਰਦੇ ਦੂਰੋਂ ਆਉਂਦੇ ਸੁਣਾਈ ਦੇਂਦੇ ਹਨ। ਤਾਰੋ ਛੇਤੀ ਦੇਣੇ ਗਠੜੀ ਚੁੱਕ ਕੇ ਚਲੀ ਜਾਂਦੀ ਹੈ। ਬਚਨਾ ਦੂਜੇ ਪਾਸੇ ਹੋਕਾ ਲਾਉਂਦਾ ਹੋਇਆ ਗੁਆਚ ਜਾਂਦਾ ਹੈ। ਤਾਬਾਂ ਤੇ ਮਾੜੂ ਪ੍ਰਵੇਸ਼ ਕਰਦੇ ਹਨ।)

ਮਾੜੂ : ਦਰੱਖ਼ਤ ਵੇਚਣਾ ਸੌਖਾ, ਪਰ ਕੁੜੀ ਦਾ ਵਿਆਹ ਕਰਨਾ ਬੜਾ ਔਖਾ ਏ।
ਤਾਬਾਂ : ਫੇਰ ਮੈਂ ਕਾਹਦੇ ਲਈ ਆਂ ? ਕਦੇ ਆਪਣਾ ਸਿਰ ਆਪ ਵੀ ਗੁੰਦਿਆ ਗਿਐ ? ਇਸ ਪਿੰਡ ਦੇ ਅੱਧੇ ਸਾਕ ਮੈਂ ਕਰਾਏ ਨੇ। ਤਾਰੋ ਲਈ ਵਰ ਨਾ ਟੋਲੂੰ ?
ਮਾੜੂ : ਫੇਰ ਹੈ ਕੋਈ ਨਜ਼ਰ ਵਿਚ ?
ਤਾਬਾਂ : ਇਕ ਛੱਡ ਦੱਸ!
ਮਾੜੂ : ਨੀ, ਇਹ ਵੀ ਕੋਈ ਮੁੰਡਾ ਏ ? ਕੁੜੀ ਨੂੰ ਤਾਂ ਇਕੋ ਵਰ ਨਹੀਂ ਮੁੱਕਦਾ, ਪਰ ਚੰਗਾ ਹੋਵੇ।
ਤਾਬਾਂ : ਫ਼ਿਕਰ ਨਾ ਕਰ। ਇਹਦੇ ਹੱਥ ਮੈਂ ਹੀ ਪੀਲੇ ਕਰੂੰ। ਅਜਿਹਾ ਘਰ ਟੋਲਾਂਗੀ, ਅਜਿਹਾ ਘਰ ਟੋਲਾਂਗੀ ਕਿ ਤੂੰ ਤਾਬਾਂ ਨੂੰ ਮੰਨ ਜਾਏਂਗਾ। ਇਹਦੇ ਵਿਆਹ ਉਤੇ ਸੁੱਕੇ ਲੱਡੂ ਜਲੇਬੀਆਂ ਨਹੀਂ, ਅਮਰਤੀਆਂ ਤੇ ਬਾਲੂਸ਼ਾਹੀ ਪੱਕਣਗੇ। ਪਟਿਆਲੇ ਤੋਂ ਜਰਨੈਲੀ ਬਾਜਾ ਆਊ। ਇਹਦੀਆਂ ਸਹੇਲੀਆਂ ਤਰਸਣਗੀਆਂ ਅਜਿਹੇ ਘਰ ਨੂੰ।
ਮਾੜੂ : ਕਿਹੜਾ ਘਰ ਦੇਖਿਆ ਤੂੰ ?
ਤਾਬਾਂ : ਲੈ ਤੂੰ ਨਹੀਂ ਸਮਝਿਆ ਹਾਲੇ ? ਮੱਘਰ, ਹੋਰ ਕਿਹੜਾ ? ਦੋ ਸੌ ਪਿੰਡਾਂ 'ਚ ਜਾਣਦੇ ਨੇ ਉਸ ਨੂੰ ਲੋਕ। ਸੁਖ ਨਾਲ ਸਭ ਕੁਝ ਐ। ਖਾਣ ਪੀਣ ਨੂੰ ਚੰਗਾ। ਕਪੜੇ ਜੋੜੇ ਦਾ ਘਾਟਾ ਨਹੀਂ। ਟੂੰਮਾਂ ਨਾਲ ਲੱਦ ਦੇਊ ਮੇਰੀ ਧੀ ਨੂੰ।
ਮਾੜੂ : ਉਸ ਦਾ ਤਾਂ ਤਿੰਨ ਵਾਰ ਵਿਆਹ ਹੋ ਚੁਕਿਐ, ਹੁਣ ਚੌਥੀ ਏ।
ਤਾਬਾਂ : ਉਂਹ, ਉਸ ਦੇ ਕਿਹੜਾ ਕੋਈ ਮੁੰਡਾ ਕੁੜੀ ਹੈ। ਉਸ ਦੀ ਤੀਵੀਂ ਤਾਂ ਇਕ ਬਲੂੰਗੜਾ ਵੀ ਨਹੀਂ ਜੰਮ ਸਕਦੀ। ਖ਼ਾਲੀ ਡਿੱਬਰਾ ਏ। ਇਸੇ ਲਈ ਤਾਂ ਮੱਘਰ

ਵਿਆਹ ਕਰਾਣ ਨੂੰ ਫਿਰਦਾ ਏ। ਛੇਕੜ ਜਾਇਦਾਦ ਤੇ ਹਾਤੇ ਕਿਸ ਨੂੰ ਛੱਡੋ। ਉਹ ਕੁੜੀ ਤਰ ਜਾਊ ਜੋ ਉਸ ਦੇ ਘਰ ਜਾਊ। (ਰਾਜ਼ ਨਾਲ) ਮੱਘਰ ਇਹੋ ਜਿਹਾ ਆਦਮੀ ਨਹੀਂ ਕਿ ਦਾਤ ਦਹੇਜ ਮੰਗੇ। ਉਚੇ ਘਰ ਦਾ ਆਦਮੀ ਏ! ਰੁਪਏ ਦੇ ਭਾਵੇਂ ਦੇਵੇ, ਲੈਂਦਾ ਨਹੀਂ।

ਮਾੜੂ : ਪੰਜਾਹਾਂ ਤੋਂ ਟੱਪ ਗਿਆ ਏ, ਮੈਂ ਨਹੀਂ ਦੇਣੀ ਕੁੜੀ ਉਸ ਨੂੰ ।

ਤਾਬਾਂ : ਮੱਘਰ ਦਾ ਬਾਪੂ ਸੁਖ ਨਾਲ ਸੱਤਰ ਸਾਲ ਦਾ ਸੀ, ਤਿੰਨ ਪੁੱਤ ਹੋਏ ਉਸ ਦੇ — ਮੱਘਰ ਤਾਂ ਹਾਲੇ ਜਵਾਨ ਏ।

ਮਾੜੂ : ਮੈਂ ਆਪਣੀ ਧੀ ਨੂੰ ਵੇਚਣਾ ਨਹੀਂ।

ਤਾਬਾਂ : ਵੇ ਜਾਹ, ਮੈਂ ਜਾਣਦੀ ਆਂ ਤੈਨੂੰ। ਦਾਰੂ ਦੇ ਘੁੱਟ ਬਦਲੇ ਸਭ ਕੁਝ ਵੇਚ ਆਵੇਂ, ਪਰ ਕਿਸੇ ਚੰਗੇ ਘਰ ਕੁੜੀ ਦੇਣ ਦੀ ਗੱਲ ਹੋਵੇ ਤਾਂ ਮੂੰਹ ਵਿੰਗਾ। ਪਿੰਡ ਵਿਚ ਲੋਕ ਮੁੰਡਿਆਂ ਦਾ ਵਿਆਹ ਕਰਦੇ ਨੇ ਤਾਂ ਕੋਈ ਘੋੜੀ ਮੰਗਦਾ ਹੈ ਕੋਈ ਜੋੜੀ। ਸਾਰੇ ਵੇਚਦੇ ਨੇ ਮੁੰਡੇ। ਜ਼ਿਲੇਦਾਰ ਖੇਤੀ ਨੂੰ ਪਾਣੀ ਲਾਉਣ ਦੀ ਵੱਢੀ ਲੈਂਦਾ ਏ। ਤਸੀਲਦਾਰ ਭਾਵੇਂ ਰੁਪਈਆ ਨਹੀਂ ਲੈਂਦਾ, ਪਰ ਉਸ ਨੂੰ ਕੁੜੀਆਂ ਚਾਹੀਦੀਆਂ ਨੇ, ਨਹੀਂ ਤਾਂ ਉਸ ਤੋਂ ਇਨਸਾਫ਼ ਹੀ ਨਹੀਂ ਹੁੰਦਾ। ਥਾਣੇਦਾਰ ਐਂ ਤਾਂ ਉਸ ਦੀਆਂ ਮੁੱਛਾਂ ਸ਼ਰਾਬ ਨਾਲ ਭਿੱਜੀਆਂ ਰਹਿੰਦੀਆਂ ਨੇ। ਮੈਂ ਜਾਣਦੀ ਆਂ ਸਾਰੇ ਪਿੰਡ ਨੂੰ। ਇਹ ਸਾਰੇ ਅਸ਼ਰਾਫ਼ ਨੇ, ਇੱਜਤਾਂ ਵਾਲੇ। ਤੇ ਤੂੰ ਕੀ ਏਂ ? ਸਿਆਣਦੈ ਤੈਨੂੰ ਕੋਈ ? ਜੇ ਤਾਰੋ ਦਾ ਵਿਆਹ ਮੱਘਰ ਨਾਲ ਹੋ ਜਾਏ ਤਾਂ ਇਹੋ ਲੋਕ ਤੈਨੂੰ ਵਧਾਈਆਂ ਦੇਣ ਆਉਣਗੇ। ਸੱਤ ਰਾਤਾਂ ਗਿੱਧਾ ਮੱਚੂ ਤੇ ਭੰਗੜਾ ਪਊ। ਤੂੰ ਭਾਵੇਂ ਘੜੇ ਨੂੰ ਮੂੰਹ ਲਾ ਕੇ ਪੀਵੀਂ।

(ਉਹ ਝੋਲੇ ਵਿਚੋਂ ਸ਼ਰਾਬ ਦੀ ਬੋਤਲ ਕਢਦੀ ਹੈ।)

ਮਾੜੂ : ਫਫਾਕੁੱਟਣੀਏ, ਸ਼ਰਮ ਨਹੀਂ ਆਉਂਦੀ ਤੈਨੂੰ ਉਸ ਬੁੱਢੇ ਸਾਨ੍ਹ ਦੀ ਦਲਾਲੀ ਕਰਦਿਆਂ ? ਦਫ਼ਾ ਹੋ ਏਥੋਂ। ਮੈਂ ਜਾਣਦਾ ਹਾਂ ਤੇਰੇ ਕਾਰੇ। ਨੀ ਸੱਤ ਘਰ ਤਾਂ ਡੈਣ ਵੀ ਛੱਡ ਦੇਂਦੀ ਐ। ਨਾ ਖ਼ਸਮ, ਨਾ ਧੀ, ਨਾ ਪੁੱਤ — ਰਿਸ਼ਤੇ ਗੰਢਦੀ ਫਿਰਦੀ ਐ!

ਤਾਬਾਂ : ਵੇ ਸਾਰਾ ਪਿੰਡ ਮੈਨੂੰ ਮਾਸੀ ਆਖਦੈ। ਸਾਰੇ ਹੀ ਮੇਰੇ ਧੀਆਂ ਪੁੱਤ। ਸੁਣ, ਜਿਹਨਾਂ ਦੇ ਮੈਂ ਪੋਤੜੇ ਬਦਲੇ ਉਹ ਹੁਣ ਤਸੀਲਦਾਰੀ ਦੀ ਕੁਰਸੀ ਤੇ ਬੈਠੇ ਨੇ। ਜਿਹਨਾਂ ਕੁੜੀਆਂ ਦੇ ਮੈਂ ਕੰਨ ਵਿੰਨ੍ਹੇ ਉਹ ਝੁਮਕੇ ਛਣਕਾਉਂਦੀਆਂ ਫਿਰਦੀਆਂ ਨੇ ਜਿਸ ਘਰ ਮੈਂ ਗਈ ਉਸੇ ਨੂੰ ਭਾਗ ਲੱਗੇ।

(ਸ਼ਰਾਬ ਦੀ ਬੋਤਲ ਅੱਗੇ ਕਰਦੀ ਹੈ।)

ਮਾੜੂ : ਪਰ੍ਹਾਂ ਹਟ! ਰੱਬ ਬਚਾਏ ਤੇਰੇ ਪੁੱਠੇ ਪੈਰ਼ੇ ਤੋਂ ਚੁੜੇਲੇ, ਖ਼ਬਰਦਾਰ ਜੇ ਮੇਰੀ ਦੇਹਲੀ ਉਤੇ ਪੈਰ ਪਾਇਆ।

ਤਾਬਾਂ : ਵੇ ਖਸਮਾਂ ਨੂੰ ਖਾਹ! ਮੈਂ ਭਲੇ ਦੀ ਕਰਦੀ ਆਂ ਤੇ ਇਹ ਸਿਰ ਚੜ੍ਹਦਾ ਆਉਂਦਾ ਐ। ਭੁੱਲ ਗਿਐਂ ਉਹ ਦਿਨ ਜਦੋਂ ਬੇਰੀ ਤੋਂ ਡਿੱਗ ਕੇ ਮਹੀਨਾ ਭਰ ਮੰਜੀ ਵਿਚ ਪਿਆ ਰਿਹਾ ਸੈਂ ? ਮੈਂ ਮਿੱਠੇ ਤੇਲ ਨਾਲ ਤੇਰੀਆਂ ਮਾਲਸ਼ਾਂ ਕੀਤੀਆਂ ਤੇਂ ਕਾੜ੍ਹੇ ਪਿਲਾਏ ਤੇ ਸੁੱਖਾਂ ਸੁਖੀਆਂ। ਤਾਂ ਮਸਾਂ ਕਿਤੇ ਤੁਰਨ ਜੋਗਾ ਹੋਇਆ ਸੈਂ। ਜਦੋਂ ਕੱਤੇ ਦੀ ਬੀਮਾਰੀ ਪਈ ਸੀ, ਉਦੋਂ ਵੀ ਮੈਂ ਹੀ ਤੈਨੂੰ ਬਚਾਇਆ ਸੀ ਪਰ ਹੁਣ ਤੇਰੇ ਚਿੱਤ ਚੇਤੇ ਹੀ ਨਹੀਂ। ਮੈਂ ਹਮੇਸ਼ਾ ਤੈਨੂੰ ਪੁੱਤਾ ਵਾਂਗ ਜਾਣਿਐ। ਮੈਂ ਤਾਂ ਕਿਸੇ ਭੁਲੇ ਵੇਲੇ ਤਾਰੋ ਦੀ ਮਾਂ ਨੂੰ ਵਚਨ ਦਿਤਾ ਸੀ ਪਈ

ਤਾਰੋ ਲਈ ਮੁੰਡਾ ਮੈਂ ਟੋਲੂੰ। ਪਰ ਤੂੰ ਕਿਤੇ ਗੱਲ ਹੀ ਨਹੀਂ ਬਣਨ ਦੇਂਦਾ। ਖ਼ੌਰੇ ਕੀ ਭਾਲਦੈਂ ਵਿਚੋਂ ? ਬਸ ਝੱਜੂ ਪਾਈ ਬੈਠਾ ਏਂ। ਤੇਰਾ ਡਮਾਕ ਸੁੰਨ ਹੋਇਆ ਪਿਐ, ਲੈ ਘੁਟ ਭਰ ਕੇ ਦੇਖ ਜੇ ਨਾ ਅੰਦਰ ਚਾਨਣਾ ਹੋ ਜਾਵੇ......(ਬੋਤਲ ਅੱਗੇ ਕਰਦੀ ਹੈ) ਛੀ ਮਹੀਨੇ ਦੱਬੀ ਰਹੀ ਸੀ ਖੇਤ ਵਿਚ। ਲੈਚੀਆਂ, ਦਾਖਾਂ, ਮੇਵੇ, ਸੌ ਪਦਾਰਥ ਪਏ ਨੇ ਇਸ ਵਿਚ। ਸਿੱਧੀ ਉਤਾਹਾਂ ਨੂੰ ਚੜ੍ਹਦੀ ਐ। ਉਤਾਹਾਂ ਨੂੰ! (ਕਾਰਕ ਖੋਲ੍ਹਦੀ ਹੈ ਤੇ ਬੋਤਲ ਨੂੰ ਸਿਰ ਉਤੋਂ ਦੀ ਵਾਰ ਕੇ ਉਸ ਦੇ ਮੂੰਹ ਨੂੰ ਲਾਉਂਦੀ ਹੈ) ਸਾਰੇ ਫਿਕਰ ਮਿਟ ਜਾਣਗੇ। ਵੇ ਖੋਂਹਦਾ ਕਿਉਂ ਐਂ ? ਸਬਰ ਕਰ। ਲੈ ਪੀ ਲੈ ਰੱਜ ਕੇ, ਤੇ ਦੇਹ ਅਸੀਸਾਂ ਮਾਸੀ ਨੂੰ।

ਮਾੜੂ : (ਬੋਤਲ ਫੜ ਕੇ ਘੁੱਟਾਂ ਭਰਦਾ ਹੈ) ਮੇਰੇ ਨਾਲ ਗੁੱਸੇ ਨਾ ਹੋ ਮਾਸੀ। ਮੇਰਾ ਡਮਾਕ ਜੰਮਿਆ ਪਿਆ ਸੀ, ਪਰ ਹੁਣ ਮੈਂ ਘੋੜੇ ਉਤੇ ਸਵਾਰ ਹਾਂ। ਸਿੱਧੀ ਕਾਲਜਾ ਚੀਰਦੀ ਜਾਂਦੀ ਐ। ਨਿਰੀ ਬਰੂਦ ਐ। (ਪੀਂਦਾ ਹੈ) ਮੈਂ ਇਹੋ ਜਿਹੀ ਪਹਿਲਾਂ ਕਦੇ ਨਹੀਂ ਪੀਤੀ......ਬਸ ਇਕ ਵਾਰ ਪੀਤੀ ਸੀ......ਪਤਾ ਨਹੀਂ ਕਦੋਂ। ਆਹ ਸਹੁਰੀ ਡੁਲ੍ਹ ਹੀ ਗਈ। (ਚੱਟਦਾ ਹੈ)......ਹਾਂ ਯਾਦ ਆ ਗਿਆ......ਇਕ ਵਾਰ ਪੀਤੀ ਸੀ ਜਦੋਂ ਮੱਘਰ ਦਾ ਪਹਿਲਾ ਵਿਆਹ ਹੋਇਆ ਸੀ......ਉਸਦੇ ਪਿਉ ਨੇ ਛਬੀਲਾਂ ਲਾ ਦਿਤੀਆਂ ਸਨ......ਗਿੱਧੇ ਪੈਂਦੇ......ਤੇ ਘੋੜੇ ਨੱਚਦੇ......ਤੇ ਬਾਜੀਗਰਨੀਆਂ ਦੇ ਘੱਗਰੇ......ਵਡੇ ਵਡੇ ਘੱਗਰੇ......ਤੇਰੇ ਏਸ ਘੱਗਰੇ ਨਾਲੋਂ ਵੀ ਵਡੇ......।

ਤਾਬਾਂ : ਮੈਂ ਜਿਊਂਦੀ ਰਹੀ ਤਾਂ ਤਾਰੋ ਦੇ ਵਿਆਹ ਉਤੇ ਵੀ ਇਸੇ ਤਰ੍ਹਾਂ ਹੋਊ।

ਮਾੜੂ : (ਲੋਰ ਵਿਚ) ਫੇਰ ਤੂੰ ਕੀਤੀ ਗੱਲ ?

ਤਾਬਾਂ : ਪਹਿਲਾਂ ਤਾਂ ਤੇਰੇ ਨਾਲ ਹੀ ਗੱਲ ਕਰਨੀ ਸੀ ਨਾ। ਸ਼ੁਭ ਕੰਮ ਵਿਚ ਦੇਰ ਨਹੀਂ ਕਰਨੀ ਚਾਹੀਦੀ। ਛਨਿਛਰ ਦਾ ਘਰ ਖ਼ਾਲੀ ਐ। ਸਭ ਨਛੱਤਰ ਠੀਕ ਨੇ, ਇਸ ਲਈ ਕੋਈ ਵਿਘਨ ਪੈਣਾ ਨਹੀਂ ਚਾਹੀਦਾ। ਹੁਣ ਮੱਘਰ ਕੋਲ ਜਾਵਾਂ ਤੇ ਗੱਲ ਤੋਰਾਂ। ਜੇ ਰੁਪਿਆ ਫੜਾ ਆਵਾਂ ਤਾਂ ਗੱਲ ਪੱਕੀ!

(ਉਹ ਰੁਪਿਆ ਉਛਾਲਦੀ ਹੈ। ਰੁਪਿਆ ਜ਼ਮੀਨ ਉਤੇ ਡਿੱਗਦਾ ਹੈ ਤੇ ਤਾਬਾਂ ਉਸ ਉਤੇ ਪੈਰ ਰੱਖ ਕੇ ਮਾੜੂ ਨੂੰ ਥਾਪੀ ਦੇਂਦੀ ਹੈ। ਤਾਰੋ ਦਾਖ਼ਿਲ ਹੁੰਦੀ ਹੈ।)

ਤਾਰੋ ਦੇ ਭਾਗ ਚੰਗੇ। ਅਜਿਹੇ ਘਰ ਜਾਊ ਜਿਸ ਦਾ ਦਰਵਾਜ਼ਾ ਏਡਾ ਉੱਚਾ ਐ ਭਾਵੇਂ ਹਾਥੀ ਲੰਘ ਜਾਏ!

ਤਾਰੋ : ਮਾਮਾ, ਮੈਂ ਤੈਨੂੰ ਉਥੇ ਬੈਠੀ ਉਡੀਕਦੀ ਰਹੀ। ਹੈਂ ? ਫੇਰ ਪੀਣ ਲਗ ਪਿਆ ?

(ਦੌੜ ਕੇ ਮਾੜੂ ਕੋਲ ਜਾਂਦੀ ਹੈ ਤੇ ਬੋਤਲ ਖੋਂਹਦੀ ਹੈ।)

ਨਾ ਪੀ! ਨਾ ਪੀ! ਤੂੰ ਮਰ ਜਾਏਂਗਾ।

ਮਾੜੂ : ਮੇਰੀ ਘਰ ਵਾਲੀ ਮਰ ਗਈ, ਉਹ ਕੋਈ ਪੀਂਦੀ ਸੀ ? ਬੱਚੇ, ਕੁੱਤੇ, ਪਸ਼ੂ ਸਭ ਮਰਦੇ ਨੇ—ਉਹ ਕੋਈ ਪੀਂਦੇ ਨੇ ? ਛੱਡ ਮੇਰੀ ਬੋਤਲ!

(ਖੋਂਹਦਾ ਹੈ ਤੇ ਸ਼ਰਾਬ ਵਿਚ ਗੁੱਟ ਬੋਤਲ ਮੂੰਹ ਨੂੰ ਲਾਉਂਦਾ ਹੈ। ਤਾਰੋ ਡੁਸਕਣ ਲਗਦੀ ਹੈ। ਤਾਬਾਂ ਫ਼ਖ਼ਰ ਨਾਲ ਖੜੀ ਹੈ।)

ਹਨੇਰਾ

# ਦੂਜੀ ਝਾਕੀ

ਮੱਘਰ ਦੇ ਘਰ ਦਾ ਵਿਹੜਾ। ਠਾਕਰੀ ਮੰਜੀ ਉਤੇ ਬੈਠੀ ਹੈ। ਝੰਡੂ ਉਸ ਦੇ ਕੋਲ ਖੜਾ ਟੁੱਕ ਖਾ ਰਿਹਾ ਹੈ ਤੇ ਉਸ ਨਾਲ ਗੱਲਾਂ ਕਰ ਰਿਹਾ ਹੈ।

ਠਾਕਰੀ : ਵੇ ਤੇਰੇ ਕੋਲੋਂ ਉਹ ਨਿਕਲ ਕਿਵੇਂ ਗਈ ?

ਝੰਡੂ : ਜੀ ਤੀਵੀਂ ਦੇ ਮਨ ਦਾ ਕੀ ਪਤਾ ? ਮੈਂ ਏਧਰ ਕੰਮ ਕਰਦਾ ਸਾਂ ਤੇ ਉਹ ਬਾਹਮਣਾਂ ਦੇ ਘਰ ਕੰਮ ਕਰਨ ਜਾਂਦੀ ਸੀ।

ਠਾਕਰੀ : ਉਸ ਬਾਹਮਣ ਨੂੰ ਸ਼ਰਮ ਨਹੀਂ ਆਈ ?

ਝੰਡੂ : ਜੀ ਛਰਮ ਕਾਹਦੀ, ਉਹ ਤਾਂ ਸਗੋਂ ਮੇਰੇ ਦਵਾਲੇ ਹੋ ਗਏ। ਆਖਣ ਲੱਗੇ, 'ਦਸ ਓਇ ਕੁੱਤਿਆ, ਕਿਥੇ ਏ ਊਹ ?' ਉਸ ਵੇਲੇ ਮੈਂ ਥੋੜੇ ਤਬੇਲੇ 'ਚੋਂ ਕੂੜਾ ਹੂੰਝ ਰਿਹਾ ਸਾਂ। ਮੈਂ ਪੁੱਛਿਆ, 'ਕੌਣ' ? ਉਹਨਾਂ ਆਖਿਆ, 'ਕੌਣ ? ਸਾਲਿਆ ਨਸਾ ਕੇ ਪੁੱਛਦਾ ਏਂ ਕੌਣ। ਤੂੰ ਵਿਚੋਂ ਰੁਪਈਏ ਖਾਧੇ ਨੇ ?' ਭਲਾ ਜੀ ਦਸੋ, ਕੋਈ ਆਪਣੀ ਤੀਵੀਂ ਨੂੰ ਵੇਚੂ ? ਮੈਂ ਆਖਿਆ 'ਮੈਨੂੰ ਨਹੀਂ ਪਤਾ।' ਉਹ ਮੈਨੂੰ ਛਿਤਰੀਂ ਡਹਿ ਪਏ। ਜੇ ਮੈਨੂੰ ਹੁਣ ਕਿਤੇ ਉਹ ਬਾਹਮਣ ਕੱਲਾ ਮਿਲ ਗਿਆ ਤਾਂ ਗੰਡਾਸੇ ਨਾਲ ਉਸ ਨੂੰ ਵੱਢ ਸਿਟੂੰ (ਰੁਕ ਕੇ) ਹੋਰ ਹੈ ਕੁਸ਼ ? ਜੇ ਹੋਵੇ ਤਾਂ ਮਾਸਾ ਦੇ ਦਿਓ।

ਠਾਕਰੀ : ਲੈ ਭੋਰਾ ਕੜਾਹ, ਬੇਹਾ ਏ।

ਝੰਡੂ : ਬਸ ਜੀ ਮੌਜ ਬਣ ਗੀ, ਬਹੇ ਕੜਾਹ ਦੀ ਰੀਸ ਸੱਜਰਾ ਕੀ ਕਰੂ ?

ਠਾਕਰੀ : ਲੈ ਕੋਈ ਪੱਤਾ ਲੈ ਆ।

ਝੰਡੂ : ਬਸ ਜੀ, ਹੱਥ ਉਤੇ ਈ ਧਰ ਦਿਓ। ਸਾਡੇ ਤਾਂ ਹੱਥ ਈ ਪੱਤੇ ਨੇ ਤੇ ਹੱਥ ਈ ਥਾਲੀ। ਚਾਹੇ ਉਪਰ ਲੈ ਲਈਏ, ਚਾਹੇ ਹੇਠਾਂ ਬਛਾ ਲਈਏ। ਅਸੀਂ ਕਰਨਾ ਜੋ ਸਭ ਕੁਸ਼ ਹੱਥਾਂ ਨਾਲ ਹੋਇਆ। (ਕੜਾਹ ਲੈ ਕੇ) ਗਰੀਬ ਕੋਲ ਅਕਲ ਬੇਛਕ ਨਾ ਹੋਵੇ, ਪਰ ਹੱਥ ਜਰੂਰ ਹੋਣ। ਰੱਬ ਨੇ ਹੱਥ ਵੀ ਕੀ ਚੀਜ਼ ਬਣਾਏ ਨੇ! (ਖਾਂਦੇ ਹੋਏ) ਉਸ ਬਾਹਮਣ ਦਾ ਕੋਈ ਦੋਸ ਨਹੀਂ। ਸਾਰਾ ਦੋਸ ਮੇਰਾ ਜਾਂ ਮੇਰੀ ਤੀਵੀਂ ਦਾ।

ਠਾਕਰੀ : ਵੇ ਕੀ ਸੀ ਤੇਰੀ ਤੀਵੀਂ 'ਚ ? ਮਰਦ ਦੀ ਜ਼ਾਤ ਪਤਾ ਨਹੀਂ ਕਿਸ ਗੱਲ ਉਤੇ ਮਰਦੀ ਏ। ਦਫ਼ਾ ਹੋਣ ਦੇ! ਜੇ ਦੌੜ ਗਈ ਤਾਂ ਜਾਣ ਦੇ।

ਝੰਡੂ : ਏਦਾਂ ਨਾ ਆਖੋ ਸਰਦਾਰਨੀ ਜੀ, ਮੈਂ ਤਾਂ ਕਈ ਦਿਨ ਮੰਜੀ ਤੋਂ ਨਹੀਂ ਸੀ ਉਠਿਆ। ਉਹ ਦੌੜ ਗਈ। ਜੇ ਹੁਣ ਆ ਜੇ ਮੈਂ ਤਾਂ ਹੁਣ ਵੀ ਰਖ ਲਾਂ। ਜੀ, ਘਰ ਦੀ ਬੱਕਰੀ ਬਿੱਲੀ ਨਾਲ ਵੀ ਪਿਆਰ ਹੁੰਦਾ ਏ, ਤੇ ਫੇਰ ਉਸ ਨਾਲ ਤਾਂ ਮੈਂ ਬਿਆਹ ਕੀਤਾ ਸੀ। ਪੂਰੇ ਤਿੰਨ ਸੌ ਖ਼ਰਚੇ ਸਨ। ਤਿੰਨ ਸੌ ਇਕ ਰਕਮ ਹੁੰਦੀ ਏ, ਭਾਵੇਂ ਦੋ ਬਿਘੇ ਜ਼ਮੀਨ ਲੈ ਲਓ, ਭਾਵੇਂ ਦੋ ਗਊਆਂ, ਸਾਰੀ ਉਮਰ ਰੱਜ ਕੇ ਦੁੱਧ ਪੀਓ ਤੇ ਵੇਚੋ — ਤੇ ਮੈਂ ਇਕ ਤੀਵੀਂ ਲੀਤੀ ਜੋ ਨੱਸ ਗਈ! ਹਾਏ ਹਾਏ (ਰੋਂਦਾ ਹੈ) ਇਕ ਬਾਰੀ ਬਾਹਮਣ ਦੇ ਨਿੱਕੇ ਮੁੰਡੇ ਨਾਲ ਮੇਰਾ ਝੱਗਾ ਲਗ ਗਿਆ, ਉਹਨਾਂ ਮੈਨੂੰ ਸੌ ਸੌ ਗਾਲ੍ਹੀਆਂ ਕੱਢੀਆਂ। ਫਿਰ ਉਸ ਨੂੰ ਨੁਹਾਇਆ, ਗੰਗਾ-ਜਲ ਦਾ ਛੱਟਾ ਦਿਤਾ। ਜੇ ਮੇਰਾ ਰਤਾ ਪੱਲਾ ਲਗ ਜਾਣ ਨਾਲ ਉਹ ਭਿੱਟੇ ਗਏ ਸਨ ਤਾਂ ਫੇਰ ਉਹ ਮੇਰੀ ਤੀਵੀਂ ਨੂੰ ਰਖਣ ਨਾਲ ਕਿਵੇਂ ਬਚੂਗਾ ?

ਠਾਕਰੀ : ਵੇ ਤੂੰ ਤਾ ਕਮਲਾ ਏਂ। ਉਹ ਗੰਗਾ-ਜਲ ਦਾ ਤੁਪਕਾ ਨਹੀਂ, ਸਗੋਂ ਹਰਿ ਕੀ ਪੌੜੀ ਨਵ੍ਹਾ ਲਿਆਉਣਗੇ। ਬਾਹਮਣ ਸੁੱਚੇ ਦਾ ਸੁੱਚਾ। ਆਦਮੀ ਤਾਂ ਨਹਾਤਾ ਧੋਤਾ ਘੋੜਾ ਏ। ਉਸ ਨੂੰ ਕੁਝ ਨਹੀਂ ਲਗਦਾ। ਤੀਵੀਂ ਇਹੋ ਜਿਹੀ ਬਣੀ ਏ ਰੱਬ ਦੇ ਘਰੋਂ ਕਿ ਸਾਰੀ ਉਮਰ ਦਾ ਰੋਗ ਲਗ ਜਾਂਦਾ ਏ, ਸਾਰੀ ਉਮਰ ਦਾ ਕਲੰਕ।

ਝੰਡੂ : ਜੀ ਪੱਲੇ ਪੈਸਾ ਹੋਵੇ ਤਾਂ ਕੌਣ ਪੁਛਦੈ ਕਲੰਕ ਨੂੰ। ਪੈਸੇ ਦੀ ਖੇਡ ਐ, ਸਰਦਾਰਨੀ ਜੀ। ਮੇਰੀ ਵੀ ਕੋਈ ਜੂਨ ਏ ? ਖੋਤੇ ਵਾਂਗ ਕੰਮ ਕਰਦਾ ਆਂ। ਸੁੱਧ ਮਾਰੀ ਰਹਿੰਦੀ ਏ। (ਖਾਂਦੇ ਹੋਏ) ਬਸ ਜੇ ਢਿੱਡ ਰੋਟੀ ਨਾ ਮੰਗੇ ਤਾਂ ਸਾਡੇ ਲੋਕਾਂ ਦੀ ਇਹ ਹਾਲਤ ਨਾ ਹੁੰਦੀ। ਮੈਂ ਵੀ ਬੰਦਾ ਹੁੰਦਾ। ਜੇ ਬਾਹਮਣ ਮੇਰੇ ਅੜਿੱਕੇ ਚੜ੍ਹ ਗਿਆ ਤਾਂ ਉਸ ਨੂੰ ਪਾਰ ਬੁਲਾ ਦਊਂ। ਗੰਡਾਸੀ ਇਸੇ ਲਈ ਤੇਜ਼ ਕਰ ਰੱਖੀ ਆ।

(ਝੱਗੇ ਦੇ ਲੜ ਨਾਲ ਮੂੰਹ ਪੂੰਝਦਾ ਹੈ।)

ਢਿੱਡ 'ਚ ਠੰਢ ਪੈ ਗਈ। ਕੜਾਹ ਖਾਧਿਆਂ ਜੁਗ ਬੀਤ ਗਏ ਸਨ, ਰੱਬ ਥੋਨੂੰ ਪੁੱਤ ਦੇਵੇ!

ਠਾਕਰੀ : ਹੁਣ ਤੂੰ ਟੁੱਕ ਖਾ ਲਿਆ, ਜਾਹ, ਜਾ ਕੇ ਸਰਦਾਰ ਨੂੰ ਬੁਲਾ ਲਿਆ। ਮੈਨੂੰ ਆਖ ਗਿਆ ਸੀ ਹੁਣੇ ਆਉਨਾਂ। ਪਹਿਰ ਹੋ ਗਿਆ ਗਏ ਨੂੰ। ਪਤਾ ਨਹੀਂ ਮਿੰਟਾਂ 'ਚ ਔੜ ਪੌੜ ਹੋ ਜਾਂਦਾ ਏ। ਕਿਥੇ ਐ ਉਹ ?

ਝੰਡੂ : ਤਬੇਲੇ 'ਚ।

ਠਾਕਰੀ : ਕੀ ਕਰਦਾ ਸੀ ਤਬੇਲੇ 'ਚ ?

ਝੰਡੂ : ਕੁੱਕੜਾਂ ਦੀ ਲੜਾਈ ਦੇਖਦੇ ਸਨ।

ਠਾਕਰੀ : ਇਹ ਜਾਏ-ਖਾਣੇ ਦੇ ਕੁੱਕੜ ਮੇਰੇ ਨਾਲੋਂ ਚੰਗੇ ਹੋ ਗਏ। ਕਿਸੇ ਦਿਨ ਮੈਂ ਇਹਨਾਂ ਦੀ ਗਰਦਨ ਮਰੋੜ ਦੇਣੀ ਏਂ। (ਸੋਚ ਕੇ) ਕੀ ਆਖਿਆ ਸੀ ਤੂੰ ?

ਝੰਡੂ : ਇਹੋ ਕਿ ਸਰਦਾਰਨੀ ਜੀ ਬੁਲਾਉਂਦੇ ਨੇ।

ਠਾਕਰੀ : ਫੇਰ ?

ਝੰਡੂ : ਉਹਨਾਂ ਆਖਿਐ, ਮੈਨੂੰ ਪਤਾ ਏ ਜੋ ਉਸ ਆਖਣਾ ਏ। ਤੂੰ ਚਲ, ਆਖ ਦੇ ਮੇਲਿਉਂ ਹੋ ਕੇ ਆਊਂਗਾ।

ਠਾਕਰੀ : ਹੋਰ ਕੌਣ ਸੀ ਉਹਦੇ ਨਾਲ ?

ਝੰਡੂ : ਸ਼ੇਰਾ ਤੇ ਕਿਰਪਾ।

ਠਾਕਰੀ : ਇਹ ਦੋਵੇਂ ਔਂਤ ਜਾਣੇ ਦੇ ਨਾਲ ਈ ਲਗੇ ਰਹਿੰਦੇ ਨੇ। ਇਹਨਾਂ ਦੋਹਾਂ ਈ ਨਾਈਆਂ ਦੀ ਕੁੜੀ ਲਿਆਂਦੀ ਸੀ ਚੱਕ ਕੇ। ਹੂੰ, ਬੰਨ੍ਹ ਲੈਂਦਾ ਏ ਮਸਾਂ ਦੇਣੀ ਤਰਬੂਜ਼ੀ ਪੱਗ ਤੇ ਲੂੰਬੜ ਵਾਂਗ ਪੂਛ ਮਾਰਦਾ ਪਹੁੰਚ ਜਾਂਦਾ ਏ ਮੇਲੇ 'ਚ। ਰਤਾ ਕੁੜੀ ਦੇਖ ਲਏ ਉਸੇ ਵੇਲੇ ਅੱਖਾਂ ਫੇਰ ਲੈਂਦਾ ਏ। ਇਹ ਫਿੜਕ ਇਸ ਨੂੰ ਹੁਣ ਦੀ ਨਹੀਂ, ਧੁਰੋਂ ਦੀ ਐ। ਇਸ ਦਾ ਬਾਬਾ ਵੀ ਇਹੋ ਜਿਹਾ ਸੀ। ਵੇ ਕਿਤੇ ਉਸ ਕੋਲ ਨਾ ਲੈ ਬੈਠੀਂ ਇਹ ਗੱਲਾਂ!

ਝੰਡੂ : ਜੀ ਮੈਂ ਮਰਨਾ ਏਂ ਝੋਟਿਆਂ ਦੇ ਭੇੜ 'ਚ। ਮੈਂ ਦੋਆਂ ਦਾ ਨੌਕਰ। ਦੋਆਂ ਦਾ ਲੂਣ ਖਾਣ ਵਾਲਾ ਮੈਂ ਨਾ ਓਧਰ, ਨਾ ਏਧਰ। ਜੀ ਨੌਕਰ ਲੋਕਾਂ ਦੇ ਕੰਨ ਹੁੰਦੇ ਨੇ, ਜੀਭ ਨਹੀਂ ਹੁੰਦੀ। ਨੌਕਰ ਤਾਂ ਚੁੱਪ ਰਹੇ ਤਾਂ ਹੀ ਚੰਗਾ।

(ਤਾਬਾਂ ਆਉਂਦੀ ਹੈ।)

ਤਾਬਾਂ : ਜੜ੍ਹ ਹਰੀ ਰਹੇ ਤੇਰੇ ਭਰਮਾਣੀ! ਬੁੱਢ ਸੁਹਾਗਣ, ਦੁੱਧ ਪੁੱਤ ਵਾਲੀ ਹੋਵੇਂ।

ਠਾਕਰੀ : ਆ ਕੁੜੇ ਤਾਬਾਂ, ਆ। ਕਈ ਦਿਨਾਂ ਤੋਂ ਨਹੀਂ ਆਈ, ਕਿਧਰ ਰਹਿਨੀ ਏਂ ? ਬਸ ਹਰ ਵੇਲੇ ਬੁੱਢੀ ਦੇ ਚਰਖ਼ੇ ਵਾਂਗ ਘੁੰਮਦੀ ਹੀ ਰਹਿਨੀ ਏਂ।

ਤਾਬਾਂ : ਹੁਣ ਤੇਰੀਆਂ ਦਰਦਾਂ ਦਾ ਕੀ ਹਾਲ ਏ ? ਪੁੜਪੁੜੀਆਂ ਵੱਜਦੀਆਂ ਨੇ ? ਵੱਖੀ ਦੁਖਦੀ ਏ ? ਆਹ ਲੈ ਸਿਲਾਜੀਤ ਦੀ ਫੱਕੀ।

ਠਾਕਰੀ : ਹੁਣ ਤਾਂ ਵਾਹਿਗੁਰੂ ਦੀ ਕਿਰਪਾ ਨਾਲ ਠੀਕ ਆਂ।

(ਤਾਬਾਂ ਆਪਣਾ ਝੋਲਾ ਫੋਲਦੀ ਹੈ।)

(ਝੰਡੂ ਨੂੰ) ਵੇ ਤੂੰ ਖਾ ਝੁਲਸ ਲਿਆ, ਹੁਣ ਦਫ਼ਾ ਹੋ ਜਾ। ਜਾ ਕੇ ਸਰਦਾਰ ਨੂੰ ਬੁਲਾ ਕੇ ਲਿਆ।

(ਝੰਡੂ ਜਾਂਦਾ ਹੈ।)

ਕਲਜੁੱਗ ਆ ਗਿਆ। ਜਾਤਾਂ ਕੁਜਾਤਾਂ ਵਿਚ ਕੋਈ ਭੇਤ ਹੀ ਨਹੀਂ ਰਿਹਾ। ਮੋਰੀ ਦੀ ਇੱਟ ਚੁਬਾਰੇ ਵਿਚ ਲਗਣ ਨੂੰ ਫਿਰਦੀ ਐ। ਮੈਂ ਜਿੰਨੇ ਉਧਾਲੇ ਸੁਣੇਂ, ਬਾਹਮਣਾਂ ਦੇ ਪੁੱਤ ਚੂਹੜੀਆਂ ਨਾਲ ਤੇ ਸਰਦਾਰਾਂ ਦੇ ਪੁੱਤ ਚਮਿਆਰਾਂ ਦੀਆਂ ਕੁੜੀਆਂ ਨਾਲ —

ਤਾਬਾਂ : ਤੇ ਸ਼ਾਹਾਂ ਦੀਆਂ ਤੀਵੀਆਂ ਨੌਕਰਾਂ ਨਾਲ! ਕਾਲੇ ਮੱਲ ਦੀ ਨੂੰਹ ਨੂੰ ਦੇਖਿਆ ਏ ? ਉਸ ਦਾ ਪੁੱਤ......ਸਾਰਾ ਨਕਸ਼ਾ ਉਹਦੇ ਰਸੋਈਏ ਨਾਲ ਮਿਲਦਾ ਏ! ਉਹੀ ਨੱਕ, ਉਹੀ ਮੱਥਾ, ਉਹੀ ਬੁੱਲ੍ਹ। ਪਰ ਆਖੇ ਕੌਣ ? ਹੁਣ ਉਹੀ ਕਾਲੇ ਮੱਲ ਦੀ ਸਾਰੀ ਜਾਇਦਾਦ ਦਾ ਮਾਲਕ। ਗਰੀਬਾਂ ਕੋਲੋਂ ਕਿਸੇ ਕੀ ਲੈਣਾ ਏ ? ਪਰ ਰੱਬ ਉਹਨਾਂ ਨੂੰ ਢੇਰ ਸਾਰੇ ਪੁੱਤ ਧੀਆਂ ਦੇ ਛਡਦਾ ਏ। ਗਰੀਬ ਰੱਬ ਨੂੰ ਆਖਦਾ ਏ: ਹੇ ਰੱਬਾ, ਹੋਰ ਨਾ ਭੇਜੀਂ। ਇਕ ਜੰਮਦਾ ਏ ਤਾਂ ਸਮਝੋ ਇਕ ਮੂੰਹ ਖਾਣ ਵਾਲਾ ਹੋਰ ਹੋ ਗਿਆ। ਤੇਰੇ ਕੋਲ ਨਾ ਖਾਣ ਦਾ ਘਾਟਾ ਨਾ ਪਹਿਨਣ ਦਾ, ਪਰ ਕੋਈ ਖਾਣ ਵਾਲਾ ਵੀ ਹੋਵੇ। ਰੱਬ ਕਰੇ ਤੇਰੀ ਚੌਗਾਠ ਉਤੇ ਵੀ ਨਿੰਮ ਹਰੀ ਹੋਵੇ।

ਠਾਕਰੀ : ਵਾਹਿਗੁਰੂ ਦੀ ਮਿਹਰ ਚਾਹੀਦੀ ਐ।

ਤਾਬਾਂ : ਮੇਰੀ ਮੰਨੇ ਤਾਂ ਇਹਨਾਂ ਹਕੀਮਾਂ ਵੈਦਾਂ ਦਾ ਇਲਾਜ ਛੱਡ। ਔਹ ਭਾਗਪੁਰੇ ਦੀ ਸਰਦਾਰਨੀ ਦੇ ਵੀ ਏਸੇ ਤਰ੍ਹਾਂ ਕੁਝ ਨਹੀਂ ਸੀ ਹੁੰਦਾ। ਮੈਂ ਦਵਾਈਆਂ ਕੀਤੀਆਂ, ਮੜ੍ਹੀਆਂ ਉਤੇ ਦੀਵਾ ਬਾਲਿਆ, ਕਾਲੇ ਬੱਕਰੇ ਦੀ ਬਲੀ ਦਿਤੀ। ਟੂਣੇ ਕੀਤੇ, ਚਿੱਲੇ ਕੱਟੇ, ਬਰਤ ਰਖੇ, ਪਰ ਕੁਝ ਨਾ ਬਣਿਆ।

ਠਾਕਰੀ : ਫੇਰ ?

ਤਾਬਾਂ : ਬੱਸ ਕਾਲੇ ਖੂੰਡੇ ਵਾਲੇ ਸਾਧ ਨੇ ਇਹੋ ਜੀ ਬੂਟੀ ਦਿਤੀ, ਦੂਜੇ ਮਹੀਨੇ ਹੀ ਗੁਰੂ ਦੀ ਕਿਰਪਾ ਹੋ ਗਈ।

ਠਾਕਰੀ : ਜੇ ਗੁਰੂ ਦੀ ਕਿਰਪਾ ਹੋਵੇ ਤਾਂ ਸਾਧਾਂ ਦੀ ਕੀ ਲੋੜ ?

ਤਾਬਾਂ : ਖੂੰਡੇ ਵਾਲੇ ਸਾਧ ਦੀ ਤਾਂ ਬੜੀ ਮਨਤਾ ਏ। ਕੀ ਛੋਟੇ ਕੀ ਵੱਡੇ, ਸਭ ਉਸ ਨੂੰ ਪੂਜਦੇ ਨੇ। ਉਸ ਦੀ ਸਵਾਹ ਦੀ ਚੂੰਢੀ ਤੇ ਚਮਟੇ 'ਚ ਬੜਾ ਬਲ ਏ।

ਠਾਕਰੀ : ਉਹਦੀ ਸੋਭਾ ਸੁਣ ਕੇ ਮੈਂ ਵੀ ਸਵਾਹ ਦੀ ਚੂੰਢੀ ਲੈ ਤਾਂ ਆਈ ਆਂ, ਦੇਖਾਂ।

ਤਾਬਾਂ : ਸਾਧਾਂ ਦੀ ਸਵਾਹ ਦੀ ਚੂੰਢੀ 'ਚ ਬੜੀ ਤਾਕਤ ਹੁੰਦੀ ਏ। ਸਾਰੇ ਲੋਕ ਰਾਜਿਆਂ ਮਹਾਰਾਜਿਆਂ ਦੇ ਦਰਬਾਰ ਜਾ ਕੇ ਮੱਥਾ ਟੇਕਦੇ ਨੇ, ਪਰ ਰਾਜੇ ਮਹਾਰਾਜੇ ਇਹਨਾਂ ਅਗੇ ਮੱਥਾ ਟੇਕਦੇ ਨੇ। ਜਿਨ੍ਹਾਂ ਤੀਵੀਆਂ ਨੂੰ ਸਾਧ ਦੇ ਡੇਰੇ ਲੈ ਕੇ ਗਈ

ਆਂ, ਕੋਈ ਬੇਮੁਰਾਦ ਨਹੀਂ ਮੁੜੀ। ਸਭਨਾਂ ਦੀ ਗੋਦੀ ਹਰੀ ਹੋ ਗਈ। ਹਾ-ਹਾ-ਹਾ—ਮੈਂ ਦੇਖਦੀ ਆਂ, ਤੇਰੀਆਂ ਅੱਖਾਂ ਦਾ ਰੰਗ ਫਿਰਿਆ ਹੋਇਆ ਏ। ਹਾ-ਹਾ-ਹਾ—ਹੁਣ ਤੈਨੂੰ ਲੋੜ ਨਹੀਂ ਕਾਲੀਆਂ ਰਾਤਾਂ 'ਚ ਮੜ੍ਹੀਆਂ ਤੇ ਦੀਵੇ ਬਾਲਣ ਦੀ। ਮੈਥੋਂ ਕੀ ਲੁਕੋਣੀ ਏਂ ? ਛੇਤੀ ਈ ਸੁਖ ਨਾਲ ਤੇਰੇ ਵਿਹੜੇ 'ਚ ਨਿਆਣਾ ਖੇਡੂਗਾ...ਹੀ... ਹੀ...ਹੀ...(ਝੋਲੇ ਨੂੰ ਖੋਲ੍ਹ ਕੇ) ਆਹ ਲੈ ਤਰੀਫਲ ਤੇ ਕੇਸਰ ਦੀਆਂ ਤੁਰੀਆਂ ਜੋ ਮੈਂ ਸ਼ਹਿਦ ਤੇ ਦੁੱਧ 'ਚ ਉਬਾਲੀਆਂ ਨੇ। ਜਦੋਂ ਤੀਵੀਂ ਨੂੰ ਆਸ ਹੋਵੇ ਤਾਂ ਅਜਿਹੀਆਂ ਚੀਜ਼ਾਂ ਚੰਗੀਆਂ ਹੁੰਦੀਆਂ ਨੇ। (ਨਸਵਾਰ ਦੀ ਚੂੰਢੀ ਲੈ ਕੇ) ਮੈਨੂੰ ਛੰਡੂ ਦਾ ਇਤਬਾਰ ਨਹੀਂ। ਇਹਨੂੰ ਨਾ ਬਹੁਤਾ ਸਿਰ ਚੜ੍ਹਾਈਂ। ਇਹ ਤੇਰਾ ਵੀ ਭੇਤੀ ਤੇ ਮੱਘਰ ਦਾ ਵੀ। ਵੇਲਾ ਆਉਣ ਉਤੇ ਇਹੋ ਜਿਹਾ ਬੰਦਾ ਕਿਸੇ ਦਾ ਵੀ ਪੱਖ ਨਹੀਂ ਪੂਰਦਾ। (ਨਸਵਾਰ ਦੀ ਚੂੰਢੀ ਲੈ ਕੇ) ਆਾਛੂਹ! ਅੱਖਾਂ ਅੱਗੇ ਭੰਬੂਤਾਰੇ ਨੱਚਦੇ ਸਨ; ਹੁਣ ਨਜ਼ਰ ਟਿਕੀ ਐ। ਰੱਬ ਨੇ ਤੇਰੀ ਚੁਗਾਠ ਤੇ ਹਰਾ ਪੱਤਾ ਸੁੱਟਿਆ, ਤਾਂ ਮੇਰਾ ਮਖ਼ਮਲ ਦਾ ਸੂਟ ਨਾ ਭੁੱਲ ਜਾਈਂ। ਹੀ...ਹੀ...ਹੀ।

(ਉਹ ਜਾਂਦੀ ਹੈ। ਮੱਘਰ ਕੁੱਕੜ ਫੜੀ ਤੇਜ਼ੀ ਨਾਲ ਦਾਖ਼ਿਲ ਹੁੰਦਾ ਹੈ।)

ਮੱਘਰ : ਇਹ ਨਹੀਂ ਹੋ ਸਕਦਾ! ਇਹ ਨਹੀਂ ਹੋ ਸਕਦਾ! ਪਰ ਇਹ ਕਾਰਾ ਹੋ ਹੀ ਗਿਆ। ਪਹਿਲੀ ਵਾਰ ਸਾਡਾ ਖ਼ਾਨਦਾਨ ਮੋਰਚਾ ਛੱਡ ਕੇ ਦੌੜ ਆਇਆ! ਜ਼ਰੂਰ ਉਹਨਾਂ ਨੇ ਕੋਈ ਬੇਈਮਾਨੀ ਕੀਤੀ ਐ, ਨਹੀਂ ਤਾਂ ਮੇਰਾ ਝਾਂਜਰਾਂ ਵਾਲਾ ਕੁੱਕੜ ਲੜਾਈ ਕਿਵੇਂ ਹਾਰ ਜਾਂਦਾ ? ਲਾਲ ਕਲਗੀ ਵਾਲਾ ਸ਼ੇਰ। ਇਸ ਨੂੰ ਹਮੇਸ਼ਾਂ ਬਦਾਮ ਖਵਾਏ, ਕੁਕੜੀਆਂ ਤੋਂ ਦੂਰ ਰਖਿਆ ਤੇ ਰੱਜ ਕੇ ਟਹਿਲ ਸੇਵਾ ਕੀਤੀ। ਪਰ ਅੱਜ ਉਸ ਮਰਾਸੀ ਦੇ ਸੁਕੜੂ ਜਿਹੇ ਕੁੱਕੜ ਤੋਂ ਹਾਰ ਗਿਆ। ਹੁਣ ਸਾਰਾ ਪਿੰਡ ਮੇਰੇ ਉਤੇ ਹੱਸਦਾ ਐ।

(ਛੰਡੂ ਦੌੜਦਾ ਹੋਇਆ ਆਉਂਦਾ ਹੈ।)

ਛੰਡੂ : ਮੋਤੀਆਂ ਵਾਲਿਉ, ਹੋਇਆ ਕੀ ?

ਮੱਘਰ : ਕੁੱਤਿਆ, ਤੈਨੂੰ ਨਹੀਂ ਪਤਾ ਕੀ ਹੋਇਆ ? ਸਾਰਾ ਪਿੰਡ ਜਾਣਦੈ, ਪਰ ਇਹ ਖੋਤੇ ਦਾ ਖੁਰ ਪੁੱਛਦਾ ਐ: 'ਹੋਇਆ ਕੀ ?'

ਛੰਡੂ : ਮੈਂ ਤੁਹਾਡੇ ਘੋੜੇ ਨੂੰ ਖਰਖਰਾ ਕਰ ਰਿਹਾ ਸਾਂ —

ਮੱਘਰ : ਸਵੇਰ ਦਾ ਦਸ ਵਾਰ ਸੁਣ ਚੁਕਿਆਂ ਇਕੋ ਬਕਵਾਸ। ਜਦੋਂ ਤੂੰ ਪੈਸੇ ਮੰਗਣੇ ਹੁੰਦੇ ਨੇ ਤਾਂ ਹਮੇਸ਼ਾ ਗੱਲ ਘੋੜੇ ਦੇ ਖਰਖਰੇ ਦੀ ਕਰਦੈਂ।

ਛੰਡੂ : ਬਖ਼ਤਾਵਰੋ, ਮੈਂ ਤੁਹਾਡੇ ਘੋੜੇ ਨੂੰ ਖਰਖਰਾ ਕਰ ਰਿਹਾ ਸਾਂ —

ਮੱਘਰ : ਅੱਗੇ ਭੌਂਕ!

ਛੰਡੂ : ਮੋਤੀਆਂ ਵਾਲਿਉ, ਘੋੜੇ ਨੇ ਅਜਿਹੀ ਦੂਲੱਤੀ ਮਾਰੀ ਕਿ ਗੋਡਾ ਗਾੜ੍ਹ ਦਿਤਾ। ਬਸ ਲੰਙ ਮਾਰਦਾ ਮਸਾਂ ਤੁਹਾਡੇ ਤੀਕ—

ਮੱਘਰ : ਬਕ ਨਾ! ਮੈਨੂੰ ਗ਼ੁੱਸਾ ਚੜ੍ਹਿਆ ਹੋਇਐ।

ਛੰਡੂ : ਮੋਤੀਆਂ ਵਾਲਿਉ, ਹੋਇਆ ਕੀ ?

ਮੱਘਰ : ਖੋਤਿਆਂ ਨਾਲ ਵਾਹ ਪੈਂਦੈ ਮੇਰਾ। ਜੇ ਸਾਰਾ ਪਿੰਡ ਪਲੇਗ ਨਾਲ ਮਰ ਜਾਏ, ਜਾਂ ਹੜ੍ਹ ਵਿਚ ਰੁੜ੍ਹ ਜਾਏ, ਤਾਂ ਏਸ ਕੁੱਤੇ ਨੂੰ ਪਤਾ ਨਹੀਂ ਲਗਣਾ। ਮੇਰਾ ਲਾਲ ਕਲਗੀ ਵਾਲਾ ਸ਼ਾਹੀ ਕੁੱਕੜ ਹਾਰ ਗਿਐ, ਤੇ ਇਹ ਮੂੰਹ ਅੱਡ ਕੇ ਪੁੱਛਦੈ:

'ਹੋਇਆ ਕੀ ?' (ਝੰਡੂ ਨੂੰ) ਦੱਸ ਓਏ ਕੁੱਤਿਆ, ਬਦਾਮ ਇਸ ਨੂੰ ਖਵਾਉਂਦਾ ਰਿਹੈਂ ਕਿ ਆਪ ਹੀ ਖਾਂਦਾ ਰਿਹੈਂ। ਇਸ ਨੂੰ ਖੁੱਡੇ ਵਿਚ ਤਾੜ ਕੇ ਰਖਿਆ ਸੀ ਕਿ ਕੁਕੜੀਆਂ ਪਿਛੇ ਖੁਲ੍ਹਾ ਛੱਡ ਦਿਤਾ ਸੀ ? ਤੇ ਇਸ ਦੀਆਂ ਝਾਂਜਰਾਂ — ਗਿਆ ਸੀ ਸੁਨਿਆਰੇ ਕੋਲ ?

ਝੰਡੂ : ਮਹਾਰਾਜ, ਕੱਲ੍ਹ ਸੁਨਿਆਰੇ ਕੋਲ ਹੀ ਚਲਿਆ ਸਾਂ ਕਿ ਠਾਣੇ ਤੋਂ ਬੁਲਾਵਾ ਆ ਗਿਆ। ਉਥੇ ਗਿਆ ਤਾਂ ਠਾਣੇਦਾਰ ਨੇ ਬਿਠਾਈ ਰਖਿਆ ਤੇ ਫੇਰ ਮੈਂ ਭੁੱਲ ਗਿਆ —

ਮੱਘਰ : ਹਰਾਮੀਆਂ, ਜੇ ਪੈਸੇ ਮੰਗਣੇ ਹੋਣ ਤਾਂ ਨਹੀਂ ਭੁੱਲਦਾ। ਬਾਕੀ ਹਰ ਚੀਜ਼ ਭੁੱਲ ਜਾਨੈਂ। ਜਾਹ ਤੇ ਹੁਣੇ ਜਾ ਕੇ ਝਾਂਜਰਾਂ ਲੈ ਆ! ਉਏ ਠਹਿਰ ਕਮਜਾਤੇ, ਕੁੱਕੜ ਤਾਂ ਲੈ ਜਾ ਨਾਲ। (ਝੰਡੂ ਕੁੱਕੜ ਫੜ ਕੇ ਬਾਹਰ ਵਲ ਦੌੜਦਾ ਹੈ) ਓਏ ਉੱਲੂਆ! ਪਹਿਲਾਂ ਘੋੜੇ ਨੂੰ ਖਰਖਰਾ ਤਾਂ ਕਰ, ਫੇਰ ਜਾਈਂ ਝਾਂਜਰਾਂ ਲੈਣ।

(ਮੱਘਰ ਮੱਥਾ ਪੂੰਝਦਾ ਤੇ ਬੁੜਬੁੜਾਉਂਦਾ ਹੋਇਆ ਵਿਹੜੇ ਵਿਚ ਦਾਖ਼ਿਲ ਹੁੰਦਾ ਹੈ। ਠਾਕਰੀ ਭਰੀ ਪੀਤੀ ਬੈਠੀ ਹੈ।)

ਠਾਕਰੀ : ਮਿਲ ਗਈ ਵਿਹਲ ਘਰ ਆਉਣ ਦੀ ? ਮੈਨੂੰ ਪਤਾ ਏ ਜਿਥੇ ਤੂੰ ਗਿਆ ਸੈਂ।

ਮੱਘਰ : ਜੇ ਪਤਾ ਏ ਤਾਂ ਪੁੱਛਦੀ ਕਿਉਂ ਐਂ ?

ਠਾਕਰੀ : ਕੀ ਕਰਾਂ, ਜਦ ਤੀਕ ਇਸ ਘਰ 'ਚ ਹਾਂ ਤਦ ਤੀਕ ਤਾਂ ਪੁੱਛਾਂਗੀ। ਪਹਿਰ ਹੋ ਗਿਆ ਉਡੀਕਦੀ ਨੂੰ। ਭੁੱਲੀ ਆਂ ਤੈਨੂੰ ? ਤੀਵੀਆਂ ਦੇਖ ਲਈਆਂ ਜਾਂ ਕੁੱਕੜਾਂ ਦੀ ਲੜਾਈ।

ਮੱਘਰ : ਕੁੱਕੜਾਂ ਦੀ ਲੜਾਈ ਤੇਰੀ ਲੜਾਈ ਨਾਲੋਂ ਚੰਗੀ ਏ।

ਠਾਕਰੀ : ਮੈਂ ਹੋਈ ਜੋ ਲੜਾਕੀ, ਏਸੇ ਕਰ ਕੇ ਘਰ ਵੜਦਿਆਂ ਤੈਨੂੰ ਡਰ ਲਗਦਾ ਏ। ਹੁਣ ਏਡਾ ਬੋਦਲ ਹੋ ਗਿਆ ਏਂ, ਸ਼ਰਮ ਨਹੀਂ ਆਉਂਦੀ ? ਲਗਾ ਏਂ ਸਿੰਗ ਕਟਾ ਕੇ ਵੱਛੀਆਂ 'ਚ ਰਲਣ। ਰੰਨਾਂ ਵਿਚ ਧੰਨਾ ਬਣ ਕੇ ਬੈਠਣ ਦਾ ਠਰਕ ਗਿਆ ਨਹੀਂ ਹਾਲੇ।

ਮੱਘਰ : ਤੈਨੂੰ ਹੋਇਆ ਕੀ ਏ ?

ਠਾਕਰੀ : ਮੈਨੂੰ ਕੁਝ ਨਹੀਂ ਹੋਇਆ, ਤੇ ਜੇ ਤੇਰੇ ਇਹੋ ਚਾਲੇ ਰਹੇ ਤਾਂ ਹੋਣਾ ਵੀ ਕੁਝ ਨਹੀਂ।

ਮੱਘਰ : ਮੈਂ ਕੀ ਕਰਾਂ।

ਠਾਕਰੀ : ਤੂੰ ਤਾਂ ਖ਼ੌਰੇ ਇਹੋ ਚਾਹੁਨੈਂ ਪਈ ਕੁਝ ਨਾ ਹੋਵੇ, ਤਦੇ ਤਾਂ ਮੇਰਾ ਇਲਾਜ ਨਹੀਂ ਕਰਾਉਂਦਾ।

ਮੱਘਰ : ਨੀ ਇਲਾਜ ਮੇਰੀ ਮੁੱਠੀ 'ਚ ਤਾਂ ਨਹੀਂ।

ਠਾਕਰੀ : ਤੈਨੂੰ ਵਿਹਲ ਕਿੱਥੇ ? ਮੇਰਾ ਬਾਪੂ ਤੇਰੇ ਲੜ ਬੰਨ੍ਹ ਕੇ ਭੁੱਲਿਆ। ਮੈਂ ਵੀ ਅਜਿਹੀ ਕਮਲੀ, ਹੱਥ ਕੰਨ ਦਾ ਸਾਰਾ ਗਹਿਣਾ ਗੱਟਾ ਤੈਨੂੰ ਖਵਾ ਦਿਤਾ। ਹੁਣ ਜ਼ਮੀਨ ਨੂੰ ਮੂੰਹ ਅੱਡੀ ਬੈਠਾ ਹੋਵੇਂਗਾ ਕਿ ਮੇਰੀ ਮਾਂ ਮਰੇ ਤੇ ਤੂੰ ਸਾਂਭੇਂ। ਖ਼ੁਸ਼ੀ ਵਿਚ ਅੱਡ ਵਾਛਾਂ। ਇਸ ਵਾਰ ਸਾਰਾ ਕੁਝ ਆਪਣੇ ਨਾਂ ਕਰਾਊਂਗੀ। ਪਤਾ ਨਹੀਂ ਕਿਥੋਂ ਟੋਲ ਲਿਆਂਦਾ ਏ ਖਾਣ-ਕੁੱਤੀਆਂ। ਜਦ ਤੇਰਿਆਂ ਹੱਡਾਂ 'ਚ ਪਾਣੀ ਪੈ ਗਿਆ ਤਾਂ ਕਿਸੇ ਨਹੀਂ ਲਗਣਾ ਤੇਰੇ ਨੇੜੇ। ਉਦੋਂ ਅੱਖਾਂ 'ਚ ਘਸੁੰਨ ਦੇ ਦੇ ਕੇ ਰੋਏਂਗਾ। ਮੈਨੂੰ ਯਾਦ ਕਰੇਂਗਾ, ਪਰ ਉਦੋਂ ਮੈਂ ਨਹੀਂ ਹੋਣਾ।

ਮੱਘਰ : ਬਹੁਤੀ ਚਰ ਚਰ ਨਾ ਲਾ। ਜਦੋਂ ਗੱਲ ਕਰੋ ਉਸੇ ਵੇਲੇ ਚਰ ਚਰ। ਇਹ ਤੀਵੀਆਂ ਦੀ ਆਦਤ ਏ। ਹਾਂਡੀ ਵਾਂਗ ਰਿਝਦੀਆਂ ਰਹਿਣਗੀਆਂ, ਬੁੜ ਬੁੜ ਕਰਦੀਆਂ ਰਹਿਣਗੀਆਂ।

ਠਾਕਰੀ : ਵੇ ਮੈਨੂੰ ਸਭ ਪਤਾ ਏ ਤੇਰਿਆ ਕਾਰਿਆਂ ਦਾ। ਤਬੇਲੇ 'ਚ ਪਹਿਲਾਂ ਤੂੰ ਨਾਈਆਂ ਦੀ ਧੀ ਨੂੰ ਫੜਿਆ, ਫਿਰ ਧੰਨੇ ਦੀ ਕੁੜੀ ਨੂੰ ਰਖਿਆ, ਫਿਰ ਚਮਿਆਰਾਂ ਦੀ ਨੂੰਹ ਨੂੰ। ਸਾਰੀਆਂ ਗੱਲਾਂ ਦਾ ਬਹੁ ਏ ਮੈਨੂੰ।

ਮੱਘਰ : ਤੈਨੂੰ ਕਿਸ ਆਖਿਆ ?

ਠਾਕਰੀ : ਸਾਰੇ ਪਿੰਡ 'ਚ ਉੱਡੀ ਹੋਈ ਏ। ਪਤਾ ਏ ਲੋਕ ਤੈਨੂੰ ਕੀ ਆਖਦੇ ਨੇ, ਸਰਕਾਰੀ ਸਾਹਣ!

ਮੱਘਰ : ਚੰਗਾ ਚੰਗੈ, ਭੌਂਕ ਨਾ। ਮੈਂ ਕੀ ਪ੍ਰਵਾਹ ਕਰਦੈਂ ਲੋਕਾਂ ਦੀ। ਠੇਕਾ ਲੀਤਾ ਏ ਮੈਂ ਲੋਕਾਂ ਦਾ। ਮੇਰੇ ਬਾਬਾ ਜੀ ਮਹਾਰਾਜਾ ਸਾਹਿਬ ਦੇ ਡਿਉਢੀ ਅਫਸਰ ਸਨ, ਮਹਾਰਾਜ ਦੀ ਮੁੱਛ ਦਾ ਵਾਲ। ਇਕੋ ਪਿਆਲੇ 'ਚ ਪੀਂਦੇ ਸਨ, ਉਹਨਾਂ ਤਿੰਨ ਵਿਆਹ ਕੀਤੇ ਤੇ ......

ਠਾਕਰੀ : ਉਸ ਤਿੰਨ ਕੀਤੇ ਸਨ ਤਾਂ ਤੂੰ ਚਾਰ ਕੀਤੇ ਨੇ। ਇਕ ਕਰਮ ਅਗੇ ਈ ਏਂ। ਵਿਆਹ ਤਾਂ ਤੂੰ ਹੋਰ ਵੀ ਬਥੇਰੇ ਕਰ ਲਵੇਂ, ਪਰ ਕੋਈ ਦੇਵੇ ਵੀ। ਜਾਣਦੇ ਨੇ ਸਭ ਤੇਰੀਆਂ ਕਰਤੂਤਾਂ। ਹਾਂ, ਮੁੱਲ ਦੀ ਭਾਵੇਂ ਫੜ ਲਿਆਵੇਂ।

ਮੱਘਰ : ਜੇ ਤੇਰਾ ਇਹੋ ਹਾਲ ਰਿਹਾ ਤਾਂ ਮੈਨੂੰ ਦੂਜਾ ਵਿਆਹ ਵੀ ਕਰਨਾ ਪਊ।

ਠਾਕਰੀ : ਦੂਜਾ ਨਹੀਂ, ਪੰਜਵਾਂ ਆਖ ਪੰਜਵਾਂ ! ਮੈਥੋਂ ਪਹਿਲਾਂ ਤਿੰਨਾਂ ਨੂੰ ਤੂੰ ਖਾ ਗਿਆ ਏਂ। ਮੈਨੂੰ ਵੀ ਏਸੇ ਤਰ੍ਹਾਂ ਲੈ ਲਵੇਂਗਾ। ਪਤਾ ਨਹੀਂ ਉਹ ਕਿਸ ਤਰ੍ਹਾਂ ਮਰ ਗਈਆਂ। ਲੋਕ ਆਖਦੇ ਨੇ ਤੂੰ ਪਈਆਂ ਪਈਆਂ ਨੂੰ ਅੰਦਰੇ ਸੁਕਾ ਕੇ ਮਾਰ ਦਿਤਾ।

ਮੱਘਰ : (ਗੁੱਸੇ ਵਿਚ) ਹਾਂ, ਹਾਂ, ਮਾਰ ਦਿਤਾ। ਤੈਨੂੰ ਇਸ ਨਾਲ ਕੀ ? ਇਸੇ ਤਰ੍ਹਾਂ ਐ ਤਾਂ ਏਸੇ ਤਰ੍ਹਾਂ ਸਹੀ। ਹੁਣ ਮੈਂ ਤੈਥੋਂ ਕੁਝ ਲਕੋ ਕੇ ਨਹੀਂ ਰਖਣਾ। ਜੋ ਕੁਝ ਤੂੰ ਸੁਣਿਐ, ਉਹੀ ਠੀਕ ਹੈ। ਤੇਰੇ ਵਰਗੀ ਬਾਂਝ ਤੀਵੀਂ ਹੋਵੇਗੀ ਤਾਂ ਉਸ ਦਾ ਇਹੀ ਹਾਲ ਹੋਵੇਗਾ।

ਠਾਕਰੀ : ਚੁੱਪ ਕਰ!

ਮੱਘਰ : ਕਿਉਂ ਨਾ ਆਖਾਂ ? ਤੂੰ ਬਾਂਝ ਏਂ! ਬੰਜਰ! ਸੁੰਞੀ!

ਠਾਕਰੀ : ਨਹੀਂ! ਨਹੀਂ!!

ਮੱਘਰ : ਬਾਂਝ! ਉੱਕੀ ਬਾਂਝ!! ਤਦੇ ਤਾਂ ਤੇਰੇ ਕੋਲੋਂ ਬਾਰਾਂ ਸਾਲਾਂ 'ਚ ਵੀ ਪੁੱਤ ਨਹੀਂ ਜੰਮ ਹੋਇਆ। ਬਾਰਾਂ ਸਾਲਾਂ ਪਿਛੋਂ ਤਾਂ ਬੰਜਰ ਧਰਤੀ ਵੀ ਹਰੀ ਹੋ ਜਾਂਦੀ ਏ, ਪਰ ਤੂੰ......

ਠਾਕਰੀ : ਨਾ ਬੋਲ...ਨਾ ਬੋਲ!!

ਮੱਘਰ : ਬੋਲਾਂਗਾ। ਆਖਾਂਗਾ...ਬੰਜਰ! ਸੁੰਞੀ!

ਠਾਕਰੀ : ਮੈਨੂੰ ਮਾਰ ਦੇ, ਗਲ ਗੂਠਾ ਦੇ, ਪਰ ਮੈਨੂੰ ਇਸ ਤਰ੍ਹਾਂ ਦੁਰਸੀਸਾਂ ਨਾ ਦੇ। ਹਾਏ......

ਮੱਘਰ : ਬਾਂਝ!

ਠਾਕਰੀ : ਨਹੀਂ, ਨਹੀਂ, ਮੈਂ ਬਾਂਝ ਨਹੀਂ!

ਮੱਘਰ : ਝੂਠ! ਝੂਠ!!

ਠਾਕਰੀ : ਹਾਂ, ਮੈਂ ਤੈਨੂੰ ਝੂਠ ਮਾਰਿਆ ਸੀ। ਮੈਂ ਤੈਨੂੰ ਦੱਸਣਾ ਨਹੀਂ ਸੀ ਚਾਹੁੰਦੀ। ਮੈਂ ਇਸੇ

ਦਿਨ ਦੀ ਉਡੀਕ ਵਿਚ ਸਾਂ ਤੈਨੂੰ ਆਖਣ ਲਈ ਕਿ ਮੈਂ ਬਾਂਝ ਨਹੀਂ। ਮੇਰੀ ਕੁੱਖ ਹਰੀ ਏ।

ਮੱਘਰ : ਕੀ......ਆਖਿਆ ?

ਠਾਕਰੀ : ਦੋ ਮਹੀਨਿਆਂ ਤੋਂ ਮੈਂ ਤੇਰਾ ਬੱਚਾ ਚੁੱਕੀ ਫਿਰਦੀ ਆਂ। ਮੈਂ ਇਸ ਨੂੰ ਜਾਣ ਕੇ ਲੁਕੋ ਰਖਿਆ ਸੀ, ਕਿਸੇ ਨੂੰ ਦਸਿਆ ਨਹੀਂ ਸੀ, ਮਤਾਂ ਨਜ਼ਰ ਨਾ ਲਗ ਜਾਏ। ਡੇਰੇ ਦੇ ਸਾਧ ਨੇ ਆਖਿਆ ਸੀ, ਦੋ ਮਹੀਨੇ ਇਸ ਗੱਲ ਦੀ ਸੂਹ ਨਾ ਕਢੀਂ, ਮੱਸਿਆ ਦੀ ਰਾਤ ਨੂੰ ਚੁਰਾਹੇ ਤੇ ਦੀਵਾ ਬਾਲੀਂ। ਮੈਂ ਉਸਦੀ ਧੂਣੀ ਦੀ ਪ੍ਰਕਰਮਾਂ ਲੈ ਕੇ ਸਹੁੰ ਖਾਧੀ ਸੀ ਕਿ ਕਿਸੇ ਨੂੰ ਨਹੀਂ ਦੱਸਾਂਗੀ। ਅੱਜ ਮੇਰਾ ਬਰਤ ਪੂਰਾ ਹੁੰਦਾ ਏ। ਮੈਂ ਤੈਨੂੰ ਉਡੀਕ ਰਹੀ ਸਾਂ, ਪਰ ਤੂੰ ਘਰ ਆਉਣ ਦੀ ਥਾਂ ਮੇਲੇ ਜਾ ਵੜਿਆ, ਦੂਜੀਆਂ ਤੀਵੀਆਂ ਮਗਰ...(ਰੋਂਦੀ ਹੈ)।

(ਮੱਘਰ ਸਕਤੇ ਵਿਚ ਉਥੇ ਹੀ ਖੜਾ ਰਹਿ ਜਾਂਦਾ ਹੈ। ਫਿਰ ਹੌਂਸਲਾ ਕਰ ਕੇ ਉਸ ਕੋਲ ਜਾਂਦਾ ਹੈ ਤੇ ਉਸ ਨੂੰ ਸਹਾਰਾ ਦੇਂਦਾ ਹੈ। ਅੱਧਾ ਪਸ਼ੇਮਾਨ ਤੇ ਅੱਧਾ, ਖ਼ੁਸ਼।)

ਮੱਘਰ : ਮੈਂ......ਮੈਂ ਬੜਾ ਪਾਪੀ ਆਂ, ਮੈਨੂੰ ਪਤਾ ਨਹੀਂ ਸੀ — ਰੱਬਾ......ਮੇਰੇ ਗੁਨਾਹ ਬਖਸ਼ੀਂ! (ਠਾਕਰੀ ਨੂੰ) ਮੈਂ ਤੇਰਾ ਅਪਰਾਧੀ ਆਂ, ਤੈਨੂੰ ਬੜਾ ਦੁਖ ਦਿਤਾ। ਕੀ ਨਹੀਂ ਕੀਤਾ ਮੈਂ ? ਤੈਨੂੰ ਝੂਠ ਮਾਰਦਾ ਰਿਆਂ। ਦੂਜੀਆਂ ਤੀਵੀਆਂ ਪਿਛੇ ਦੌੜਦਾ ਰਿਆਂ, ਉਹਨਾਂ ਉਤੇ ਰੁਪਏ ਰੋੜ੍ਹਦਾ ਰਿਆਂ। ਸਾਰਾ ਘਰ ਉਜਾੜ ਦਿਤਾ। ਤੈਨੂੰ ਆਖ ਕੇ ਜਾਂਦਾ ਬੋਲਦ ਲੈਣ ਚਲਿਆਂ, ਊਠ ਲੈਣ ਚਲਿਆਂ, ਤੇਰੇ ਰੁਪਈਏ ਲੈ ਜਾਂਦਾ ਤੇ ਐਸ਼ਾਂ ਵਿਚ ਉਜਾੜ ਦੇਂਦਾ। ਤੂੰ ਮੈਨੂੰ ਬਖ਼ਸ਼ੇਂ ਤਾਂ ਰੱਬ ਵੀ ਮੈਨੂੰ ਬਖ਼ਸ਼ ਦੇਵੇ......

ਠਾਕਰੀ : ਸ਼ੁਕਰ ਏ ਜੇ ਤੂੰ ਏਸ ਤਰ੍ਹਾਂ ਸੋਚਦਾ ਏਂ।

ਮੱਘਰ : ਰੱਬ ਨੂੰ ਚਾਹੀਦਾ ਸੀ ਕਿ ਉਹ ਮੈਨੂੰ ਸਜ਼ਾ ਦੇਂਦਾ, ਪਰ ਉਹ ਦਿਆਲ ਏ। ਤੇਰੇ ਚੰਗੇ ਕਰਮ ਕੰਮ ਆ ਗਏ। ਮੈਂ ਹੁਣ ਕੰਨਾਂ ਨੂੰ ਹੱਥ ਲੈਂਣਾ ਆਂ, ਅਗੇ ਤੋਂ ਝੂਠ ਨਹੀਂ ਬੋਲਾਂਗਾ, ਕਦੇ ਤੇਰੇ ਨਾਲ ਧ੍ਰੋਹ ਨਹੀਂ ਕਰਾਂਗਾ। ਗੁਰਦੁਆਰੇ ਜਾ ਕੇ ਟੋਕਰੀ ਚੁੱਕਾਂਗਾ। ਸੱਤ ਦਿਨ ਸੇਵਾ ਕਰਾਂਗਾ। ਸਾਧ ਦੇ ਡੇਰੇ ਜਾ ਕੇ ਉਸ ਨੂੰ ਪੱਕਾ ਖੂਹ ਬਣਵਾ ਕੇ ਦਿਆਂਗਾ ਤੇ ਜਦੋਂ ਤੇਰੇ ਬੱਚਾ ਹੋ ਗਿਆ......

ਠਾਕਰੀ : ਤੇਰਾ ਕਿਉਂ ਆਖਦਾ ਏਂ......ਆਖ ਮੇਰਾ।

ਮੱਘਰ : ਹਾਂ ਜਦ ਮੇਰਾ ਬੱਚਾ ਹੋ ਗਿਆ ਤਾਂ ਸੌ ਮੰਗਤਿਆਂ ਨੂੰ ਲੰਗਰ ਖਵਾਵਾਂਗਾ।

(ਉਹਦੇ ਕੋਲ ਬੈਠ ਜਾਂਦਾ ਏ।)

ਹੁਣ ਅਸੀਂ ਸਭ ਸੁਖਣਾਂ ਲਾਹ੍ਵਾਂਗੇ। ਤੂੰ ਮੈਨੂੰ ਮਾਫ਼ ਕਰੇਂਗੀ ਨਾ ?

ਠਾਕਰੀ : ਮੈਨੂੰ ਠਿੱਠ ਨਾ ਕਰ। ਮੈਂ ਵੀ ਚੰਦਰੀ ਭੈੜੀ ਆਂ। ਤੈਨੂੰ ਕੌੜੇ ਬੋਲ ਬੋਲੇ, ਤੈਨੂੰ ਗਾਲ੍ਹਾਂ ਕੱਢਦੀ ਰਹੀ।

ਮੱਘਰ : ਮੈਂ ਇਸ ਲਾਇਕ ਹਾਂ।

ਠਾਕਰੀ : ਤੇਰੇ ਨਾਲ ਲੜਦੀ ਰਹੀ, ਤੈਥੋਂ ਚੀਜ਼ਾਂ ਲਕੋ ਲਕੋ ਰਖਦੀ। ਮੈਂ ਕੇਹੜਾ ਚੰਗੀ ਆਂ, ਮੇਰੀ ਜੀਭ ਵਿਚ ਵੀ ਤਾਂ ਜਲਦੇ ਜਲਦੇ ਅੰਗਿਆਰ ਨੇ। ਪਰ ਤੀਵੀਂ ਕਰੇ ਵੀ ਕੀ। ਜਦ ਉਸ ਦੇ ਉਤੋਂ ਦੀ ਹੋ ਕੇ ਮਰਦ ਕੋਈ ਦੂਜੀ ਸਹੇੜੇ ਤਾਂ ਤੀਵੀਂ ਦਾ ਕੁਝ ਨਹੀਂ ਰਹਿੰਦਾ, ਉਸ ਨੂੰ ਅੱਗ ਲਗ ਜਾਂਦੀ ਏ। ਕਲ੍ਹ ਤੂੰ ਮੇਰੇ ਕੋਲੋਂ ਰੁਪਈਏ ਮੰਗੇ ਤਾਂ ਮੈਂ ਲੜ ਪਈ। ਭਲਾ ਮੈਂ ਰੁਪਈਆਂ ਨੂੰ ਚੱਥਣਾ

ਏ ? ਰੁਪਈਏ ਤਾਂ ਹੱਥਾਂ ਦੀ ਮੈਲ ਏ, ਸੁਖ ਨਾਲ ਆਦਮੀ ਜੀਊਂਦਾ ਰਹੇ, ਉਸ ਦਾ ਹੱਥ ਸਿਰ ਉੱਤੇ ਰਹੇ।

ਮੱਘਰ : ਮੈਂ ਕਿੰਨਾ ਖ਼ੁਸ਼ ਆਂ, ਨਾਰਾਇਣੇ ਨੂੰ ਆਖਾਂਗਾ ਕਿ ਏਸੇ ਖ਼ੁਸ਼ੀ ਵਿਚ ਇਕ ਬੰਦੂਕ ਛਡੇ—ਠਾਹ ਠਾਹ।

ਠਾਕਰੀ : ਨਹੀਂ ਮੁੰਡਾ ਜੰਮਣ ਉੱਤੇ ਬੰਦੂਕ ਚਲਾਏ ਤਾਂ ਚਲਾਏ — ਪਹਿਲਾਂ ਬੰਦੂਕ ਦਾ ਖੜਾਕਾ ਮਾੜਾ ਹੁੰਦਾ ਏ।

ਮੱਘਰ : ਹਾ...ਹਾ...ਹਾ ਮੈਂ ਅਜ ਕਿੰਨਾ ਖ਼ੁਸ਼ ਆਂ!

ਠਾਕਰੀ : ਜਾ, ਡੇਰੇ ਜਾ ਕੇ ਸਾਧ ਨੂੰ ਮੱਥਾ ਟੇਕ ਆ। ਖੂਹ ਲਵਾ ਕੇ ਦੇਣ ਦਾ ਇਕਰਾਰ ਕੀਤਾ ਸੀ। ਜਾ ਕੇ ਰੁਪਈਏ ਦੇ ਆ, ਮੇਰੇ ਉੱਤੇ ਬੜਾ ਬੋਝ ਏ। ਮੈਂ ਰੁਪਈਏ ਲਿਆਨੀ ਆਂ।

(ਉਹ ਅੰਦਰ ਜਾਂਦੀ ਹੈ।)

ਮੱਘਰ : ਓਏ ਝੰਡੂ, ਮੇਰਾ ਘੋੜਾ ਤਿਆਰ ਏ ?

(ਝੰਡੂ ਅੰਦਰ ਆਉਂਦਾ ਹੈ।)

ਝੰਡੂ : ਤਿਆਰ ਹੈ ਮਹਾਰਾਜ।

ਮੱਘਰ : ਖਰਖਰਾ ਕੀਤਾ ਸੀ ?

ਝੰਡੂ : ਮੋਤੀਆਂ ਵਾਲਿਓ ਦੋ ਘੰਟੇ ਲਾਏ ਨੇ ਪੂਛ ਦਾ ਇਕ ਇਕ ਵਾਲ ਗਿਣ ਲੌਂ। ਪਰ ਹੈ ਬੜਾ ਅੜ੍ਹਬ। ਖੁਚਾਂ ਉੱਤੇ ਬੁਰਛ ਫੇਰਨ ਲੱਗਾ ਤਾਂ ਦੁਲੱਤੀ ਕੱਢ ਮਾਰੀ— ਆਹ ਦੇਖੋ, ਮੇਰਾ ਗੋਡਾ ਰਾੜ੍ਹ ਦਿਤਾ।

(ਠਾਕਰੀ ਆਉਂਦੀ ਹੈ।)

ਠਾਕਰੀ : ਲੈ ਮੂੰਹ ਮਿੱਠਾ ਕਰ ਲੈ।

ਮੱਘਰ : (ਖਾਂਦਾ ਹੈ) ਲੈ ਓਏ ਕੁੱਤਿਆ ਤੂੰ ਵੀ ਮੂੰਹ ਮਿੱਠਾ ਕਰ ਲੈ।

(ਝੰਡੂ ਝੋਲੀ ਅੱਡਦਾ ਹੈ।)

ਠਾਕਰੀ : ਲੈ ਫੜ ਰੁਪਈਏ। ਸੰਦੂਕ ਵਿਚ ਪਏ ਪਏ ਕੀ ਸੂੰਦੇ ਹਨ। ਲੈ ਫੜ ਸਾਧ ਦੇ ਚਰਨਾਂ ਵਿਚ ਰੱਖ ਆ ਤੇ ਜਲਦੀ ਮੁੜੀਂ।

ਮੱਘਰ : (ਰੁਪਈਏ ਫੜ ਕੇ) ਤੂੰ ਬੜੇ ਸਾਂਭ ਕੇ ਰਖੇ।

ਠਾਕਰੀ : ਤੀਵੀਂ ਵੇਲੇ ਸਿਰ ਕਸ਼ ਨ ਕਸ਼ ਸਾਂਭ ਕੇ ਰਖਦੀ ਏ—ਹੁਣ ਆ ਗਏ ਨਾ ਕੰਮ।

ਮੱਘਰ : ਹਾਂ ਬਿਲਕੁਲ ਮੌਕੇ ਤੇ ਕੰਮ ਆਏ ਨੇ। ਮੈਂ ਚਲਦਾਂ ਹੁਣ।

ਠਾਕਰੀ : ਸਾਧ ਨੂੰ ਮੇਰੇ ਵਲੋਂ ਇਕ ਫੁਲਕਾਰੀ ਦੇ ਆਵੀਂ। ਫੁਲਕਾਰੀ ਮੇਰੇ ਦਾਜ ਦੀ ਏ — ਨਵੀਂ ਨਕੋਰ।

ਮੱਘਰ : ਅੱਛਾ।

(ਮੱਘਰ ਚਲਾ ਜਾਂਦਾ ਹੈ।)

ਠਾਕਰੀ : ਰੱਬ ਅੱਗੇ ਝੋਲੀ ਅੱਡਦੀ ਹਾਂ, ਹੁਣ ਉਸ ਨੂੰ ਸਿੱਧੇ ਰਸਤੇ ਲਾਈਂ!

(ਘੋੜੇ ਦੀ ਟਾਪ ਸੁਣਾਈ ਦੇਂਦੀ ਹੈ। ਉਹ ਚੌਂਕ ਕੇ ਖਿੜਕੀ ਵਿਚੋਂ ਤੱਕਦੀ ਹੈ।)

ਵੇ ਝੰਡੂ, ਉਹ ਕਿਧਰ ਗਿਆ ਏ ?

ਝੰਡੂ : (ਦੇਖ ਕੇ) ਓਧਰ।

ਠਾਕਰੀ : ਪਰ ਸਾਧ ਦਾ ਡੇਰਾ ਤਾਂ ਏਸ ਪਾਸੇ ਐ।

ਝੰਡੂ : ਉਹ ਸਾਧ ਦੇ ਡੇਰੇ ਨਹੀਂ ਗਿਆ।

ਠਾਕਰੀ : ਹੋਰ ?

ਝੰਡੂ : ਤਾਰੋ ਦੇ ਮਾਮੇ ਕੋਲ।

ਠਾਕਰੀ : ਕਿਉਂ ?

ਝੰਡੂ : ਤਾਰੋ ਦਾ ਸੌਦਾ ਕਰਨ।

(ਘੋੜੇ ਦੀ ਟਾਪ ਮੱਧਮ ਸੁਣਦੀ ਹੈ। ਠਾਕਰੀ ਖਿੜਕੀ ਵਿਚੋਂ ਤੱਕਦੀ ਹੈ, ਤੇ ਰਸਤੇ ਵਿਚ ਆ ਜਾਂਦੀ ਹੈ।)

ਠਾਕਰੀ : ਰੱਬ ਕਰੇ ਤੇਰਾ ਕੱਖ ਨਾ ਰਹੇ ! ਧੋਖਾ ਦੇ ਕੇ ਲੈ ਗਿਐਂ ਰੁਪਈਏ। ਰੱਬ ਇਸ ਦਾ ਬਦਲਾ ਲਊ।

(ਓਹ ਢਿੱਡ ਫੜੀਂ ਧਰਤੀ ਉਤੇ ਪਈ ਮੇਲ੍ਹਦੀ ਹੈ।)

ਹਨੇਰਾ

# ਐਕਟ ਤੀਜਾ

## ਪਹਿਲੀ ਝਾਕੀ

*ਮਾੜੂ ਦੇ ਘਰ ਦਾ ਵਿਹੜਾ। ਇਕ ਪਾਸੇ ਬੇਰੀ ਦਾ ਦਰੱਖਤ। ਮਾੜੂ ਮੰਜੀ ਉਤੇ ਬੈਠਾ ਹੈ। ਤਾਬਾਂ ਤਾਰੋ ਦੇ ਵਾਲ ਗੁੰਦ ਰਹੀ ਹੈ।*

ਮਾੜੂ : ਮੇਰੇ ਹੱਡਾਂ ਵਿਚ ਦਰਦਾਂ ਹੁੰਦੀਆਂ ਨੇ।

ਤਾਬਾਂ : ਇਹ ਸਭ ਸ਼ਰਾਬ ਦਾ ਕਸੂਰ ਹੈ।

ਮਾੜੂ : ਸ਼ਰਾਬ ਦਾ ਨਹੀਂ, ਮੇਰਾ ਹੀ ਕਸੂਰ ਹੈ।

ਤਾਬਾਂ : ਹਾਂ ਤੇਰਾ, ਤੂੰ ਪੀਂਦਾ ਜੁ ਬਹੁਤੀ ਐਂ।

ਮਾੜੂ : ਕਮਲੀਏ, ਸਗੋਂ ਦਰਦਾਂ ਬਹੁਤੀਆਂ ਹੁੰਦੀਆਂ ਨੇ ਜਦੋਂ ਘੱਟ ਪੀਵਾਂ। ਘੱਟ ਪੀਵਾਂ ਤਾਂ ਅੱਧਾ ਡਮਾਕ ਸੁੰਨ ਹੋ ਜਾਂਦੈ ਤੇ ਅੱਧੇ ਡਮਾਕ ਨੂੰ ਅੱਗ ਲੱਗ ਜਾਂਦੀ ਐ। ਫਿਰ ਮੈਨੂੰ ਕੁਝ ਨਹੀਂ ਸੁੱਝਦਾ। ਪੂਰੀ ਤਰ੍ਹਾਂ ਸੋਚਣ ਲਈ ਪੂਰੀ ਸ਼ਰਾਬ ਚਾਹੀਦੀ ਐ।

ਤਾਰੋ : ਉਈ। ਮੇਰੇ ਵਾਲ!

ਤਾਬਾਂ : ਤੇਰੇ ਵਾਲ ਜੁ ਸੰਘਣੇ ਨੇ। ਕੰਘੀ ਕਿਹੜਾ ਲੰਘਦੀ ਏ।

ਤਾਰੋ : ਤੂੰ ਮੇਰਾ ਸਿਰ ਗੁੰਦਦੀ ਏਂ ਤਾਂ ਇਉਂ ਲੱਗਦੈ ਜਿਵੇਂ ਮੇਰੀਆਂ ਬਾਹਵਾਂ ਨੂੰ ਮਰੋੜ ਕੇ ਉਹਨਾਂ ਦੀ ਗੁੱਤ ਕਰ ਰਹੀ ਹੋਵੇਂ।

ਤਾਬਾਂ : ਤੂੰ ਹੁਣ ਸੁੱਖ ਨਾਲ ਮੁਟਿਆਰ ਹੋ ਗਈ ਏਂ। ਇਸੇ ਲਈ ਤੇਰੇ ਅੰਗ ਦੁਖਦੇ ਨੇ। ਵੇ ਮਾੜੂ, ਹੁਣ ਤੂੰ ਇਸ ਦੇ ਵਿਆਹ ਦੀ ਵੀ ਤਾਂ ਸੋਚ! ਸੁਹਣੀ ਕੁੜੀ ਤੂਤ ਦੀ ਛਟੀ ਐ, ਉਸ ਨੂੰ ਛੇਤੀ ਕੀੜਾ ਲੱਗ ਜਾਂਦੈ। ਦੁੱਧ ਨੂੰ ਛੰਨੇ ਵਿਚ ਰੱਖੋ ਤਾਂ ਫਿੱਟ ਜਾਂਦੈ। ਕਣਕ ਨੂੰ ਭੜੋਲੀ ਵਿਚ ਬੰਦ ਕਰ ਦਿਉ ਤਾਂ ਢੋਰਾ ਲੱਗ ਜਾਂਦੈ। ਕੁੜੀ ਦਾ ਉਦੋਂ ਹੀ ਵਿਆਹ ਕਰ ਦੇਈਏ ਜਦੋਂ ਉਹ ਜਵਾਨ ਹੋ ਜਾਏ।

ਮਾੜੂ : ਤੂੰ ਮੀਢੀਆਂ ਗੁੰਦ ਲਈਆਂ ਤਾਰੋ ? ਆ ਮੇਰੇ ਕੋਲ। ਜਦੋਂ ਤੂੰ ਸਿਰ ਵਾਹ ਲੈਂਦੀ ਐਂ ਤਾਂ ਸੁਹਣੀ ਲੱਗਦੀ ਐਂ। ਜਾਹ, ਆਲੇ ਵਿਚੋਂ ਦਾਰੂ ਲੈ ਆ।

ਤਾਰੋ : ਦਾਰੂ ਦੀ ਬੋਤਲ ਤਾਂ ਤੂੰ ਰਾਤ ਹੀ ਖ਼ਾਲੀ ਕਰ ਦਿਤੀ ਸੀ।

ਮਾੜੂ : ਨੀ, ਦਾਰੂ ਦੀ ਬੋਤਲ ਨਹੀਂ, ਗੋਡਿਆਂ ਉਤੇ ਮਲਣ ਵਾਲੀ ਦਾਰੂ। ਦੇਖ ਉਥੇ ਹੀ ਕਿਤੇ ਪਈ ਹੋਣੀ ਐਂ। ਸ਼ਾਇਦ ਮੈਂ ਠੰਢੇ ਪਾਣੀ ਵਿਚ ਫਿਰਦਾ ਰਿਹਾਂ ਇਸੇ ਲਈ ਹੱਡ ਦੁਖਦੇ ਨੇ।

(ਤਾਰੋ ਅੰਦਰ ਜਾਂਦੀ ਹੈ। ਝੰਡੂ ਸ਼ਰਾਬ ਦਾ ਘੜਾ ਚੁੱਕੀ ਦਾਖ਼ਲ ਹੁੰਦਾ ਹੈ।)

ਤਾਬਾਂ : (ਝੰਡੂ ਨੂੰ) ਵੇ ਉਥੇ ਹੀ ਕਿਉਂ ਗੱਡਿਆ ਗਿਆ ? ਘੜੇ ਨੂੰ ਖੂੰਜੇ ਵਿਚ ਰੱਖ ਦੇ। ਉਥੇ! ਵੇ ਉੱਲੂਆ ਸੰਭਾਲ ਕੇ ਰੱਖ, ਕਿਤੇ ਡੁੱਲ੍ਹ ਨਾ ਜਾਵੇ! ਹਾਂ, ਉਥੇ।

ਅਰਾਮ ਨਾਲ ਟਿਕਾਈਂ। ਠੀਕ। ਹੁਣ ਜਾਹ। ਬਿੱਜੂਆਂ ਵਾਂਗੂ ਕੀ ਝਾਕਦੈਂ ? ਜਾਹ ਤੇ ਮੱਘਰ ਨੂੰ ਆਖੀਂ ਮੈਂ ਹੁਣੇ ਆਈ। ਉਹ ਵਿਆਹ ਦੇ ਵਾਜੇ-ਗਾਜੇ ਦਾ ਪ੍ਰਬੰਧ ਕਰੇ!

(ਝੰਡੂ ਜਾਂਦਾ ਹੈ।)

ਮਾੜੂ : ਤੂੰ ਤਾਰੋ ਦੀ ਗੱਲ ਪੱਕੀ ਕਰ ਦਿਤੀ ?

ਤਾਬਾਂ : ਪੱਕੀ ਹੀ ਨਹੀਂ ਸਗੋਂ ਨੱਕੀ ਵੀ। ਉਹ ਕਲ੍ਹ ਆਇਆ ਸੀ ਤੇਰੇ ਕੋਲ ਘੋੜੇ ਉਤੇ. ਛੱਡ ਨਹੀਂ ਗਿਆ ਪੰਜ ਸੈ। ਤੂੰ ਹਾਲੀ ਕੁਝ ਵੀ ਤਿਆਰੀ ਨਹੀਂ ਕੀਤੀ। ਵਿਆਹ ਦੇ ਘਰ ਵਾਲੀ ਗੱਲ ਹੀ ਕੋਈ ਨਹੀਂ ਇਥੇ। ਉਹੀ ਸੁੰਞਾ ਵੇਹੜਾ, ਉਹੀ ਟੁੱਟੀ ਹੋਈ ਪੀੜ੍ਹੀ।

ਮਾੜੂ : ਮੈਂ ਹਾਲੇ ਤਾਰੋ ਨੂੰ ਦਸਿਆ ਨਹੀਂ। ਕਲ੍ਹ ਸ਼ਾਮੀਂ ਤਰਖਾਣਾਂ ਦੀ ਕੁੜੀ ਦਾ ਵਿਆਹ ਸੀ। ਜਦ ਫੇਰੇ ਹੋਣ ਲਗੇ ਤੇ ਕੁੜੀਆਂ ਨੇ ਸੁਹਾਗ ਦੇ ਗੀਤ ਗਾਏ ਤਾਂ ਤਾਰੋ ਉਥੇ ਵਿਹੜੇ 'ਚ ਬੈਠੀ ਰੋਣ ਲਗ ਪਈ। ਮੈਂ ਪੁੱਛਿਆ ਕੀ ਗੱਲ, ਰੋਨੀ ਕਿਉਂ ਏਂ, ਤਾਂ ਉਹ ਚੁੱਪ। ਮੈਂ ਫੇਰ ਪੁੱਛਿਆ ਤਾਂ ਫਿਰ ਚੁੱਪ।

ਤਾਬਾਂ : ਰੱਬ ਦੀ ਮਿਹਰ ਐ ਤੇਰੇ ਉਤੇ ਮਾੜੂ। ਸਾਰੇ ਕੰਮ ਸਿੱਧ ਹੁੰਦੇ ਤੁਰੀ ਜਾਂਦੇ ਨੇ। ਚੰਗੇ ਘਰ ਜਾਊ ਤੇਰੀ ਕੁੜੀ। ਮੱਘਰ ਤਾਂ ਬਾਦਸ਼ਾਹ ਆਦਮੀ ਐ। ਪੈਸੇ ਜਿੰਨੇ ਕਹੋਂ। (ਸੁਣ ਕੇ) ਇਹ ਢੋਲਕੀ ਦੀ ਆਵਾਜ਼ ਕਿਥੋਂ ਆਉਂਦੀ ਐ। ਹਾਂ, ਮਰਾਸਣਾਂ ਜਾਂਦੀਆਂ ਨੇ ਮੱਘਰ ਦੇ ਬਾਹਰਲੇ ਘਰ। ਸਾਰੀ ਰਾਤ ਗਿੱਧਾ ਮੱਚੂ ਹਾ-ਹਾ-ਹਾ-ਹਾ, ਮੈਂ ਵੀ ਜਾਵਾਂ ਤੇ ਜਾ ਕੇ ਨੱਚਣ ਵਾਲੀਆਂ ਨੂੰ ਬੁਲਾਵਾਂ। ਇਹ ਕੋਈ ਗੁੱਡੇ-ਗੁੱਡੀ ਦਾ ਵਿਆਹ ਨਹੀਂ। ਮੱਘਰ ਨੂੰ ਦੋ ਸੈ ਪਿੰਡ ਜਾਣਦੈ।

ਮਾੜੂ : ਇਸ ਕੁੜੀ ਦਾ ਬੜਾ ਭਾਰ ਸੀ ਮੇਰੇ ਸਿਰ ਤੇ। ਆਪਣੇ ਘਰ ਜਾਵੇ ਤੇ ਵਸੇ ਰਸੇ।

(ਤਾਰੋ ਦਾਰੂ ਦੀ ਸ਼ੀਸ਼ੀ ਲੈ ਕੇ ਆਉਂਦੀ ਹੈ। ਮਾੜੂ ਗੋਡਿਆਂ ਉਤੇ ਦਵਾਈ ਮਲਦਾ ਹੈ। ਨਰਾਇਣਾ ਮੋਢੇ ਉਤੇ ਬੰਦੂਕ ਤੇ ਹੱਥ ਵਿਚ ਤੋਤੇ ਦਾ ਪਿੰਜਰਾ ਫੜੀ ਦਾਖਿਲ ਹੁੰਦਾ ਹੈ।)

ਤਾਬਾਂ : ਕਲ੍ਹ ਪੂਰਨਮਾਸ਼ੀ ਐ। ਪੂਰਾ ਚੰਦ ਚਮਕੂਗਾ। ਸਾਰੇ ਗ੍ਰਹਿ ਠੀਕ ਨੇ। ਤਾਰੋ ਸੁਖੀ ਰਹੇਗੀ!

(ਉਹ ਜਾਂਦੀ ਹੈ।)

ਨਰਾਇਣਾ : ਆਹ ਫੜ ਤੋਤਾ। ਤੂੰ ਉਥੇ ਹੀ ਭੁੱਲ ਆਈ ਸੈਂ!

ਤਾਰੋ : (ਪਿੰਜਰਾ ਫੜ ਕੇ) ਵਿਚਾਰਾ ਕਿਵੇਂ ਦੇਖਦੈ ਬਿਟਰ ਬਿਟਰ। ਤੇਰੀ ਬੰਦੂਖ ਤੋਂ ਡਰਦੈ, ਤਾਇਆ।

ਨਰਾਇਣਾ : ਬੰਦੂਕ ਜਨੌਰਾਂ ਲਈ ਨਹੀਂ, ਇਹ ਤਾਂ ਬਸ ਲਟਕਾਉਣੇ ਲਈ ਹੀ ਐ। ਹੁਣ ਤਾਂ ਬੰਦੂਕ ਚੁੱਕ ਨਹੀਂ ਹੁੰਦੀ। ਮੋਢਾ ਦੁਖਣ ਲਗਦੈ। (ਬੰਦੂਕ ਲਾਹ ਕੇ) ਬੁੱਢਾ ਹੋ ਗਿਆ ਹਾਂ।

(ਤਾਰੋ ਤੋਤੇ ਨੂੰ ਪਿਆਰ ਕਰਦੀ ਹੈ ਤੇ ਪਿੰਜਰਾ ਖਿੜਕੀ ਵਿਚ ਲਟਕਾ ਕੇ ਅੰਦਰ ਚਲੀ ਜਾਂਦੀ ਹੈ।)

ਨਰਾਇਣਾ : ਹਾਲੇ ਤੀਕ ਆਰਾਮ ਨਹੀਂ ਆਇਆ ਤੇਰੇ ਗੋਡਿਆਂ ਨੂੰ ?

ਮਾੜੂ : ਨਾਂਹ। ਜਦੋਂ ਦੀਆਂ ਮੇਰੀਆਂ ਦੋਵੇਂ ਮੱਝਾਂ ਵਿਕੀਆਂ ਨੇ, ਦੁੱਧ ਦਹੀਂ ਨਹੀਂ ਦੇਖਿਆ। ਸ਼ਰਾਬ ਖ਼ੂਨ ਨੂੰ ਸਾਫ ਕਰਦੀ ਐ। ਪਰ ਇਸ ਨੂੰ ਪਚਾਉਣੇ ਲਈ ਘਿਉ ਖਾਣਾ ਜ਼ਰੂਰੀ ਐ।

ਨਰਾਇਣਾ : ਤੂੰ ਤਾਂ ਕਮਲਾ ਏਂ। ਸਾਰੇ ਦਰੱਖ਼ਤ ਵੇਚ ਦਿਤੇ।

ਮਾੜੂ : ਦਰੱਖ਼ਤ ਮੇਰੇ ਕਿਸ ਕੰਮ ? ਦਰੱਖ਼ਤ ਠੇਕੇਦਾਰ ਦੇ ਕੰਮ ਆ ਗਏ ਤੇ ਸ਼ਰਾਬ ਮੇਰੇ। ਸ਼ੁਕਰ ਐ ਤੇਰੇ ਵਰਗੇ ਹੋਰ ਸਿਆਣੇ ਪਿੰਡ ਵਿਚ ਨਹੀਂ। ਮਜਾਲ ਐ ਫੇਰ ਕੋਈ ਦਰੱਖ਼ਤ ਕੱਟ ਜਾਂਦਾ। ਕਿਸੇ ਦੇ ਘਰ ਚੁੱਲ੍ਹੇ ਵਿਚ ਲੱਕੜ ਨਾ ਬਲਦੀ। ਤੂੰ ਇਸ ਬੀੜ ਦੀ ਰਾਖੀ ਕਰਦੈਂ, ਛੇਕੜ ਦਰੱਖ਼ਤ ਬਾਲਣ ਲਈ ਹੀ ਤਾਂ ਉਗਾਈਦੇ ਨੇ। ਬੰਦੂਕ ਦਿਖਾਈਂ ਰਤਾ।

ਨਰਾਇਣਾ : ਮੈਂ ਇਸ ਦੀ ਨਾਲੀ ਸਾਫ਼ ਨਹੀਂ ਕੀਤੀ। ਜੰਗਾਲ ਲੱਗ ਗਿਐ।

ਮਾੜੂ : (ਬੰਦੂਕ ਫੜ ਕੇ) ਜੇ ਮੈਂ ਫ਼ੌਜ ਵਿਚ ਭਰਤੀ ਹੋ ਗਿਆ ਹੁੰਦਾ ਤਾਂ ਹੁਣ ਨੂੰ ਸੂਬੇਦਾਰ ਹੁੰਦਾ...ਮੋਢਿਆਂ ਉਤੇ ਫੁੱਲ, ਪੇਟੀ, ਪਟੀਆਂ ਵਾਲੇ ਬੂਟ...ਤੇ ਮੋਢੇ ਤੇ ਬੰਦੂਕ। ਥਾਂ ਥਾਂ ਸਲੂਟ ਵਜਦੇ। ਠਾਣੇਦਾਰ ਵੀ ਥਰ ਥਰ ਕੰਬਦਾ...

ਨਰਾਇਣਾ : (ਬੰਦੂਕ ਲੈ ਕੇ) ਫੌਜ ਵਿਚ ਵੀ ਕੁਝ ਨਹੀਂ ਪਿਆ। ਨਿਰੀ ਠਾਹ ਠਾਹ ਹੀ ਐ।

ਮਾੜੂ : (ਬੰਦੂਕ ਫੜ ਕੇ) ਥਰ ਥਰ ਕੰਬਦਾ! ਕੀ ਠਾਣੇਦਾਰ ਤੇ ਕੀ ਡਿਪਟੀ। ਸਭਨਾਂ ਨੂੰ ਸਿੱਧੇ ਕਰ ਦੇਂਦਾ। ਹੱਥ ਵਿਚ ਬੰਦੂਕ...ਸ਼ੇਰ ਨੂੰ ਵੀ ਉਲਟਾ ਕੇ ਰੱਖ ਦੇਂਦਾ...ਠਾਹ! ਠਾਹ! ਠਾਹ!

(ਹਰ 'ਠਾਹ' ਉਤੇ ਤ੍ਰਬਕ ਤ੍ਰਬਕ ਪੈਂਦਾ ਹੈ।)

ਨਰਾਇਣਾ : (ਬੰਦੂਕ ਲੈ ਲੈਂਦਾ ਹੈ) ਪੁੱਠੀ ਫੜੀ ਫਿਰਦੈਂ।

ਮਾੜੂ : ਮੈਂ ਕਦੇ ਬੰਦੂਕ ਨਹੀਂ ਫੜੀ! ਜੇ ਮੈਂ ਗੋਲੀ ਚਲਾਉਣੀ ਸਿੱਖੀ ਹੁੰਦੀ ਤਾਂ ਤੇਰੇ ਵਾਂਗ ਇਸ ਨੂੰ ਮੋਢੇ ਤੇ ਐਵੇਂ ਨਾ ਲਟਕਾਈ ਫਿਰਦਾ। ਸ਼ਸਤਰ ਨੂੰ ਵਰਤਣਾ ਚਾਹੀਦੈ, ਨਹੀਂ ਤਾਂ ਇਹ ਪੁੱਠਾ ਪੈ ਜਾਂਦੈ। ਜੇ ਮੈਂ ਫ਼ੌਜ ਵਿਚ ਹੁੰਦਾ....

ਨਰਾਇਣਾ : ਜੇ ਤੂੰ ਫ਼ੌਜ ਵਿਚ ਹੁੰਦਾ ਤਾਂ ਹੁਣ ਨੂੰ ਭੱਠਾ ਬੈਠਿਆ ਹੁੰਦਾ। ਕਮਲਿਆ, ਫ਼ੌਜ ਵਿਚ ਕੁਝ ਨਹੀਂ ਪਿਆ।

ਮਾੜੂ : ਖੇਤੀ ਵਿਚ ਵੀ ਕੁਝ ਨਹੀਂ ਪਿਆ।

ਨਰਾਇਣਾ : ਕੁਝ ਕਿਉਂ ਨਹੀਂ ? ਇਹ ਜਿਹੜੀ ਸ਼ਰਾਬ ਪੀਂਦਾ ਏਂ, ਇਹ ਵੀ ਖੇਤ ਵਿਚੋਂ ਹੀ ਆਉਂਦੀ ਐ। ਤੇਰੀ ਤਾਂ ਸਾਰੀ ਦੁਨੀਆਂ ਬੋਤਲ ਵਿਚ ਹੈ। ਇਸ ਕੁੜੀ ਨੂੰ ਵੀ ਤੂੰ ਬੋਤਲ ਵਿਚ ਬੰਦ ਕਰ ਰਖਿਆ ਏ। ਇਸ ਦਾ ਸੰਬੰਧ ਜੋੜ ਦਿਤਾ ਕਿਤੇ ?

ਮਾੜੂ : ਜੋੜ ਦਿਤਾ ਸਮਝ।

ਨਰਾਇਣਾ : ਕਿਥੇ ?

ਮਾੜੂ : ਮੱਘਰ ਗੱਲ ਕਰ ਗਿਆ ਸੀ।

ਨਰਾਇਣਾ : ਮੱਘਰ ?

ਮਾੜੂ : ਹਾਂ, ਉਸ ਨਾਲ ਵਿਆਹ ਕਰ ਦਿਆਂਗਾ ਤਾਰੋ ਦਾ। ਤਾਬਾਂ ਆਈ ਸੀ, ਪੱਕੀ ਗੱਲ ਕਰ ਗਈ ਐ।

ਨਰਾਇਣਾ : ਹੂੰ, ਸਮਝ ਗਿਆ। ਛੇਕੜ ਤੂੰ ਉਸ ਨਾਲ ਸੌਦਾ ਕਰ ਹੀ ਲਿਆ। ਤੇਰੀ ਜ਼ਮੀਰ ਹੈ ਕਿ ਨਹੀਂ ? ਤੂੰ ਜ਼ਮੀਰ ਵੇਚ ਰਿਹਾ ਏਂ।

ਮਾੜੂ : ਜੇ ਮੇਰੀ ਜ਼ਮੀਰ ਵਿਕ ਸਕੇ, ਤਾਂ ਜ਼ਰੂਰ ਵੇਚ ਦੇਵਾਂ। ਸ਼ਰਾਬ ਦੀ ਇਕ ਬੋਤਲ ਕਿ ਜ਼ਮੀਰ ? ਤੂੰ ਲੈ ਲੈ ਮੇਰੀ ਜ਼ਮੀਰ। ਕਿੰਨੇ ਵਿਚ ਲਵੇਂਗਾ ? ਸਸਤੀ ਦੇ ਦੇਵਾਂਗਾ ਤੈਨੂੰ।

ਨਰਾਇਣਾ : ਮੈਂ ਨਾ ਜ਼ਮੀਰ ਖ਼ਰੀਦਾਂ, ਨਾ ਵੇਚਾਂ।

ਮਾੜੂ : ਮੈਂ ਤੈਨੂੰ ਦਸ ਦੇਵਾਂ, ਬੂਟੇ ਨੂੰ ਪਾਲਣ ਨਾਲੋਂ ਕੁੜੀ ਦਾ ਪਾਲਣਾ ਸੌ ਗੁਣਾ ਮੁਸ਼ਕਲ ਏ।

ਨਰਾਇਣਾ : ਤੂੰ ਤਾਰੋ ਨੂੰ ਨਹੀਂ ਸਮਝਦਾ। ਜੁਆਨ ਕੁੜੀ ਦਾ ਦਿਲ ਬੂਟਿਆਂ ਨਾਲੋਂ ਵਧੇਰੇ ਨਰਮ ਹੁੰਦਾ ਹੈ। ਇਸ ਪਿੰਡ ਵਿਚ ਹਰ ਚੀਜ਼ ਆਪਣੇ ਆਪ ਤੋਂ ਬਾਹਰ ਨਿਕਲਣ ਲਈ ਤੜਫ਼ ਰਹੀ ਏ। ਬੇਰਾਂ ਨਾਲ ਲੱਦੀ ਹੋਈ ਬੇਰੀ, ਫੁੱਲਾਂ ਵਿਚ ਡਕੀ ਹੋਈ ਖ਼ੁਸ਼ਬੂ, ਦੂਰ ਜਾਂਦੇ ਕਿਸੇ ਵਣਜਾਰੇ ਦੇ ਟੱਪੇ—ਸਭ ਉੱਚੀ ਉੱਚੀ ਹਾਕਾਂ ਮਾਰ ਰਹੇ ਨੇ, "ਮੈਨੂੰ ਬਾਹਰ ਨਿਕਲਣ ਦਿਓ" "ਮੈਨੂੰ ਬਾਹਰ ਨਿਕਲਣ ਦਿਉ।" ਤੂੰ ਉਸ ਨੂੰ ਕਿਤੇ ਬਾਹਰ ਨਹੀਂ ਜਾਣ ਦਿਤਾ। ਗਾਂ ਮੱਝ ਨੂੰ ਵੀ ਝੱਟ ਬਿੰਦ ਲਈ ਖੁਲ੍ਹਾ ਛਡ ਦੇਈਦਾ ਏ।

ਮਾੜੂ : ਗਾਂ ਮੱਝ ਖੇਤਾਂ 'ਚ ਚਰ ਕੇ ਘਰ ਆ ਜਾਂਦੀ ਏ, ਪਰ ਕੁੜੀ ਜੇ ਇਕ ਵਾਰ ਨਿਕਲ ਜਾਵੇ ਤਾਂ ਨਹੀਂ ਮੁੜਦੀ।

ਤਾਰੋ : (ਬਾਹਰੋਂ) ਮੇਰਾ ਤੋਤਾ! ਮੇਰਾ ਤੋਤਾ! ਮੇਰਾ ਤੋਤਾ ਉੱਡ ਗਿਆ।

(ਦੌੜ ਕੇ ਅੰਦਰ ਆਉਂਦੀ ਹੈ।)

ਮਾਮਾ, ਆਈਂ ਮੇਰੇ ਨਾਲ!

ਮਾੜੂ : ਮੈਥੋਂ ਨਹੀਂ ਤੇਰੇ ਪਿੱਛੇ ਭਕਾਈ ਹੁੰਦੀ। ਹਾਏ ਓਏ...ਮੇਰੇ ਗੋਡੇ! ਉਹ ਦਾਰੂ ਦੀ ਸ਼ੀਸ਼ੀ ਤਾਂ ਐਵੇਂ ਹੀ ਸੀ। ਉਸ ਸਹੁਰੇ ਹਕੀਮ ਨੇ ਠੱਗ ਲਿਆ। ਕੋਈ ਹੋਰ ਦਾਰੂ ਬੂਟੀ ਕਰਾਂਗਾ।

(ਉਹ ਅੰਦਰ ਜਾਂਦਾ ਹੈ।)

ਤਾਰੋ : ਤਾਇਆ ਮੇਰੇ ਨਾਲ ਆਵੀਂ...ਆਵੀਂ ਰਤਾ। ਉੱਡ ਕੇ ਉਹ ਬੇਰੀ ਉਤੇ ਜਾ ਬੈਠਾ ਏ। ਮੈਂ ਉਸ ਨੂੰ ਬੁਲਾ ਕੇ ਲਿਆਉਂਦੀ ਹਾਂ। ਆ ਜਾ ਮੇਰੇ ਸੋਹਣੇ ਨਿਰੰਜੀ ਤੋਤਿਆ। ਤਾਇਆ ਆਵੀਂ, ਉਹ ਹਾਲੇ ਦੂਰ ਨਹੀਂ ਗਿਆ। ਤੇਰੇ ਪੈਰੀਂ ਝਾਂਜਰਾਂ ਪਾਵਾਂਗੀ, ਤੇਰੀ ਚੁੰਝ ਨੂੰ ਸੋਨੇ 'ਚ ਮੜ੍ਹਾਵਾਂਗੀ...ਟਾਹਣੇ ਉਤੇ ਬੈਠਾ ਪਰਾਂ ਨੂੰ ਫੜਫੜਾ ਰਿਹਾ ਏਂ। ਬੰਦੂਕ ਤਾਂ ਪਿੱਛੇ ਛੱਡ ਆ, ਉਸ ਨੂੰ ਡਰਾ ਦੇਵੇਂਗਾ।

ਨਰਾਇਣਾ : ਉੱਡ ਗਿਆ।

ਤਾਰੋ : ਮੈਂ ਪਿੰਜਰੇ ਨੂੰ ਬੇਰੀ ਹੇਠਾਂ ਲਟਕਾ ਦੇਂਦੀ ਹਾਂ ਇਸ ਦੀ ਖਿੜਕੀ ਖੋਹਲ ਕੇ। ਇਸ ਵਿਚ ਕੱਚੇ ਅਮਰੂਦ ਰੱਖ ਦੇਂਦੀ ਹਾਂ। ਸ਼ਾਇਦ ਆਪੇ ਆ ਜਾਵੇ।

ਨਰਾਇਣਾ : ਕਦੇ ਨਹੀਂ ਆਉਣਾ ਉਸ। ਤੋਤਾ ਇਕ ਵਾਰ ਉੱਡ ਜਾਵੇ ਕਦੇ ਨਹੀਂ ਮੁੜਦਾ। ਔਹ ਘੜੇ ਵਿਚ ਕੀ ਐ ? ਕੌਣ ਛੱਡ ਗਿਐ ?

ਤਾਰੋ : ਬੇਰੀ ਦੀ ਸਾਈ। ਮਾਮਾ ਬੇਰੀ ਵੇਚ ਰਿਹੈ। ਕਲ੍ਹ ਮੱਘਰ ਦੇਖਣ ਆਇਆ ਸੀ।

ਨਰਾਇਣਾ : ਹੂੰ। ਮੈਨੂੰ ਪਤਾ ਲੱਗ ਗਿਆ, ਉਹ ਕਿਉਂ ਇਥੇ ਗੇੜੇ ਮਾਰਦੈ। ਮੇਲੇ ਵਿਚ ਵੀ ਉਹ ਤਾਰੋ ਨੂੰ ਤਾੜਦਾ ਫਿਰਦਾ ਸੀ। ਬੜੇ ਚਿਰ ਤੋਂ ਉਸ ਦੀ ਨਜ਼ਰ ਐ ਇਸ ਕੁੜੀ ਉਤੇ। ਉਸ ਦੀ ਮਾਂ ਦੇ ਪਿੱਛੇ ਵੀ ਇਹ ਬਦਮਾਸ਼ ਫ਼ਿਰਦਾ ਹੁੰਦਾ ਸੀ। ਇਕ ਵਾਰ ਖੇਤ ਵਿਚ ਮੇਰਾ ਇਸ ਨਾਲ ਟਾਕਰਾ ਹੋਇਆ ਸੀ। ਤਾਰੋ ਦੀ ਮਾਂ ਪਿੱਛੇ ਮੈਂ ਉਸ ਦਾ ਖ਼ੂਨ ਕਰ ਦੇਂਦਾ। ਉਦੋਂ ਦਾ ਡਰਦੈ। ਹੁਣ ਹਨੇਰੇ ਸਵੇਰੇ ਇਕੱਲਾ ਘੱਟ ਹੀ ਬਾਹਰ ਨਿਕਲਦੈ। ਹਰ ਵੇਲੇ ਦੋ ਬੰਦੇ ਨਾਲ ਹੁੰਦੇ ਨੇ।

ਤਾਰੋ : (ਪਿੱਛੇ ਮੁੜ ਕੇ) ਆ ਵੀ ਤਾਇਆ! ਕੀ ਸੋਚਾਂ ਵਿਚ ਪੈ ਗਿਐਂ ? ਬੰਦੂਕ ਛੱਡ

ਆ ਪਿੱਛੇ। ਆ ਮੇਰੇ ਨਾਲ। ਦੇਖ, ਔਹ ਬੈਠਾ ਐ...ਬੇਰੀ ਉਤੇ।

(ਬੇਰੀ ਕੋਲ ਜਾ ਕੇ ਖੜੀ ਹੁੰਦੀ ਹੈ।)

ਨਰਾਇਣਾ : ਰੁੱਖਾਂ ਨੂੰ ਪਾਣੀ ਨਾਲ ਸਿੰਜਨ ਦੀ ਲੋੜ ਏ, ਤੇ ਜੁਆਨ ਕੁੜੀ ਨੂੰ ਪਿਆਰ ਨਾਲ। ਇਸ ਧਰਤੀ ਤੋਂ ਪਿਆਰ ਉਠਦਾ ਜਾ ਰਿਹਾ ਏ। ਕਿਹੋ ਜਿਹਾ ਵੇਲਾ ਆ ਗਿਆ ਏ। ਲੋਕ ਕੁੜੀ ਨੂੰ, ਤੀਵੀਂ ਨੂੰ, ਪਿਆਰ ਨੂੰ, ਧਰਤੀ ਨੂੰ ਦੱਬੀ ਰੱਖਣਗੇ, ਉਸ ਦਾ ਸਾਹ ਘੁੱਟ ਦੇਣਗੇ, ਉਸ ਨੂੰ ਬੰਜਰ ਬਣਾ ਦੇਣਗੇ, ਪਰ ਉਸ ਨੂੰ ਆਜ਼ਾਦ ਨਹੀਂ ਕਰਨਗੇ। ਕਿਹੋ ਜਿਹਾ ਵੇਲਾ ਆ ਗਿਆ...ਕੁੜੀਆਂ ਦੇ ਹਾਸੇ ਤੇ ਫੱਗਣ ਦੀ ਪੀਲੀ ਧੁੱਪ ਦੋਵੇਂ ਬਹੁਤ ਚਿਰ ਨਹੀਂ ਰਹਿੰਦੇ। ਤੂੰ ਹੱਸਦੀ ਚੰਗੀ ਲੱਗਦੀ ਏਂ (ਵਕਫਾ) ਕਿਡੀ ਛੇਤੀ ਹਰ ਚੀਜ਼ ਬਦਲ ਜਾਂਦੀ ਏ। ਹਾਲੇ ਕਲ੍ਹ ਦੀ ਗੱਲ ਹੈ, ਤੂੰ ਛੋਟੀ ਜਹੀ ਸੈਂ, ਤੇ ਮੈਂ ਤੈਨੂੰ ਕੰਧਾੜੇ ਚੁੱਕੀ ਫਿਰਦਾ ਸਾਂ। ਉਸ ਵੇਲੇ ਵੀ ਤੇਰੀਆਂ ਅੱਖਾਂ ਤੇ ਹੱਥਾਂ ਬਾਹਵਾਂ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਤੂੰ ਵੱਡੀ ਹੋ ਕੇ ਆਪਣੀ ਮਾਂ ਵਰਗੀ ਹੋਵੇਂਗੀ। ਇਹ ਤਿਲ ਤੇਰੀ ਠੋਡੀ ਉਤੇ ਉਸੇ ਵੇਲੇ ਉੱਗ ਪਿਆ ਸੀ, ਜਦ ਤੇਰੀ ਮਾਂ ਮਰੀ ਸੀ। ਉਹ ਤਿਲ ਨਿਸ਼ਾਨੀ ਛੱਡ ਗਈ ਤੈਨੂੰ।

ਤਾਰੋ : ਤਾਇਆ, ਮੇਰੀ ਮਾਂ ਕਿਹੋ ਜਹੀ ਸੀ ?

ਨਰਾਇਣਾ : (ਹੱਸ ਕੇ) ਇਹ ਵੀ ਕੋਈ ਪੁੱਛਣ ਵਾਲੀ ਗੱਲ ਏ।

ਤਾਰੋ : ਕਿਉਂ ?

ਨਰਾਇਣਾ : ਪਿੰਡ ਵਿਚ ਹਰ ਕੋਈ ਉਹਨੂੰ ਸਲਾਹੁੰਦਾ ਸੀ। ਹਰ ਕੋਈ ਉਸ ਨੂੰ ਪਿਆਰ ਕਰਦਾ ਸੀ। ਤੈਨੂੰ ਦੇਖ ਕੇ ਇਉਂ ਲੱਗਦਾ ਏ ਕਿ ਉਹ ਮਰੀ ਨਹੀਂ, ਤੇਰੇ ਵਿਚ ਜੀਉਂ ਪਈ ਏ। ਤੇਰੀ ਗੱਲਬਾਤ, ਤੇਰੀ ਉਦਾਸੀ, ਤੇਰਾ ਹਾਸਾ, ਸਭ ਕੁਝ ਉਸੇ ਨਾਲ ਮਿਲਦਾ ਏ। ਰੱਬ ਕਰੇ ਤੂੰ ਸੁਖੀ ਰਹੇਂ। ਮੈਂ ਹੁਣ ਬੁੱਢਾ ਹੋ ਗਿਆ ਹਾਂ। ਮੇਰੀ ਇਹੋ ਅਸੀਸ ਐ ਕਿ ਤੂੰ ਜ਼ਿੰਦਗੀ ਵਿਚ ਉਹ ਖ਼ੁਸ਼ੀ ਦੇਖੇਂ ਜੋ ਤੇਰੀ ਮਾਂ ਨਾ ਦੇਖ ਸਕੀ। ਏਥੇ ਆ ਇਸ ਬੇਰੀ ਹੇਠ, ਤੇ ਕੁਝ ਮੰਗ। ਇਹ ਬੇਰੀ ਬੜੀ ਭਾਗਾਂ ਵਾਲੀ ਏ। ਰੁੱਖਾਂ ਦਾ ਮਨ ਆਦਮੀਆਂ ਦੇ ਮਨ ਨਾਲੋਂ ਵਧੇਰੇ ਕੋਮਲ ਹੁੰਦਾ ਏ। ਮੈਂ ਰੱਬ ਨੂੰ ਨਹੀਂ ਮੰਨਦਾ। ਜੰਗ ਵਿਚ ਇਤਨੇ ਲੋਕ ਮਰੇ ਦੇਖੇ ਕਿ ਰੱਬ ਵਿਚ ਯਕੀਨ ਨਹੀਂ ਰਿਹਾ। ਫਿਰ ਫ਼ਸਾਦ ਹੋਏ। ਮੇਰਾ ਰੱਬ, ਫ਼ਸਾਦਾਂ ਵਿਚ ਮਾਰਿਆ ਗਿਆ। ਪਰ ਰੁੱਖਾਂ ਵਿਚ ਮੈਨੂੰ ਯਕੀਨ ਏ। ਇਹਨਾਂ ਦੀ ਸੇਵਾ ਕਰੋ ਤਾਂ ਉਹ ਫਲ ਦੇਂਦੇ ਨੇ। ਝੋਲੀ ਅੱਡ ਕੇ ਏਥੇ ਖਲੋ — ਏਥੇ, ਤੇ ਕੁਝ ਮੰਗ।

ਤਾਰੋ : ਕੀ ਮੰਗਾਂ ? ਜੇ ਇਹ ਮੈਨੂੰ ਖ਼ੁਸ਼ੀ ਦਾ ਦਾਨ ਦੇ ਸਕੇ, ਪੂਰੀ ਖ਼ੁਸ਼ੀ ਦਾ! (ਉਤੇ ਦੇਖ ਕੇ) ਮੈਨੂੰ ਖ਼ੁਸ਼ੀ ਦੇਹ ਜਿਸ ਵਿਚ ਕੋਈ ਤ੍ਰੇੜ ਨਾ ਆਈ ਹੋਵੇ! ਜੋ ਚੂੜੀ ਵਾਂਗ ਸਾਬਤ ਹੋਵੇ! ਰੱਬਾ, ਮੈਂ ਏਸੇ ਖ਼ੁਸ਼ੀ ਦੇ ਸੁਫ਼ਨੇ ਦੇਖਦੀ ਰਹੀ ਆਂ! ਹਨੇਰੀਆਂ ਰਾਤਾਂ ਨੂੰ ਵਿਹੜੇ ਵਿਚ ਜਾਗਦੀ ਪਈ ਏਸੇ ਦੇ ਪੈਰਾਂ ਦੀਆਂ ਵਿੜਕਾਂ ਲੈਂਦੀ ਆ ਰਹੀ ਆਂ...ਹੇ ਰੱਬਾ!

(ਉਹ ਝੋਲੀ ਅੱਡ ਕੇ ਦੁਆ ਮੰਗਦੀ ਹੈ।)

ਨਰਾਇਣਾ : ਕੀ ਡਿਗਿਆ ਏ ?

ਤਾਰੋ : ਸ਼ਾਇਦ ਕੋਈ ਪੀਲੀ ਤਿਤਲੀ...ਨਹੀਂ ਸੁੱਕਿਆ ਹੋਇਆ ਪੱਤਾ, ਤੇ ਇਸ ਦੇ ਨਾਲ ਕੰਡਾ।

ਨਰਾਇਣਾ : ਕੰਡਾ ? ਦੇਖਾਂ।

ਤਾਰੋ : ਲੈ ਦੇਖ। ਮੇਰੀ ਕਿਸਮਤ ਵਿਚ ਨਿਰਾ ਕੰਡਾ। ਇਹ ਕਿਸ ਤਰ੍ਹਾਂ ਹੋ ਸਕਦਾ ਏ ? ਮੇਰੇ ਭਾਗਾਂ ਵਿਚ ਕੰਡਾ...ਨਹੀਂ, ਨਹੀਂ!

(ਤਾਰੋ ਬੇਰੀ ਹੇਠ ਬੈਠ ਜਾਂਦੀ ਹੈ। ਨਰਾਇਣਾ ਉਸ ਦਾ ਸਿਰ ਪਲੋਸਦਾ ਹੈ।)

ਨਰਾਇਣਾ : ਅਜ ਮੈਂ ਮਾਲਟੇ ਦੀ ਪਿਉਂਦ ਨੂੰ ਲੱਕੜ ਦਾ ਸਹਾਰਾ ਦੇਣਾ ਭੁੱਲ ਗਿਆ, ਤੇ ਗਿੱਦੜਾਂ ਨੇ ਵਾੜ ਵਿਚੋਂ ਦੀ ਰਾਹ ਬਣਾ ਲਿਆ। ਜਾ ਕੇ ਤੱਕਾਂ। ਦਿਨ ਢਲ ਚੁਕਿਆ। ਧੁੱਪਾਂ ਟੇਢੜੀਆਂ ਹੋ ਗਈਆਂ। ਮੈਂ ਜਾਵਾਂ।

(ਉਹ ਚਲਾ ਜਾਂਦਾ ਹੈ। ਤਾਰੋ ਹੌਲੀ ਹੌਲੀ ਉਠਦੀ ਹੈ, ਤੇ ਬੇਰੀ ਨੂੰ ਜੱਫੀ ਪਾ ਕੇ ਖੜੀ ਹੋ ਜਾਂਦੀ ਏ। ਦੂਰੋਂ ਹੋਕਾ ਸੁਣਾਈ ਦੇਂਦਾ ਏ।)

ਬਚਨਾ : *ਗਲੀ ਗਲੀ ਵਣਜਾਰਾ ਫਿਰਦਾ*
*ਕੋਈ ਵੰਙੜੀਆਂ ਲਓ ਨੀ ਚੜ੍ਹਾ*

(ਬਚਨਾ ਨੇੜੇ ਆਉਂਦਾ ਦਿਖਾਈ ਦੇਂਦਾ ਹੈ।)

*ਸਾਵੀਆਂ ਵੰਙਾਂ ਪੀਲੀਆਂ ਵੰਙਾਂ*
*ਜਿਉਂ ਸਾਵਣ ਦਾ ਘਾਹ*
*ਸੂਹੀਆਂ ਵੰਙਾਂ ਰਤੀਆਂ ਵੰਙਾਂ*
*ਜਿਉਂ ਜੰਗਲ ਦੀ ਭਾਹ*
*ਗਲੀ ਗਲੀ ਵਣਜਾਰਾ ਫਿਰਦਾ...*
*ਕੋਈ ਵੰਙੜੀਆਂ ਲਓ ਨੀ ਚੜ੍ਹਾ।*

ਤਾਰੋ : ਤੂੰ ਏਥੇ ਕਿਉਂ ਆ ਗਿਆ ? ਜਾਹ ਚਲਿਆ ਜਾ।

ਬਚਨਾ : ਮੇਲੇ ਵਿਚ ਚੂੜੀਆਂ ਵੇਚਣ ਗਿਆ ਸਾਂ, ਤਾਂ ਇਧਰ ਆ ਗਿਆ। ਤੂੰ ਕੀ ਕਰਦੀ ਏਂ ਬੇਰੀ ਹੇਠ ਖੜੀ ? ਤੇਰਾ ਮਾਮਾ ਕਿਥੇ ਏ ?

ਤਾਰੋ : ਜਾ ਚਲਿਆ ਜਾ ਉਦੋਂ ਦੇਖਿਆ ਸੀ, ਕਿਵੇਂ ਗੁੱਤੋਂ ਫੜ ਕੇ ਘਸੀਟਿਆ ਸੀ ਉਸ ਨੇ। ਹਾਲੇ ਤੀਕ ਮੇਰੇ ਵਾਲ ਦੁਖਦੇ ਨੇ...ਜਾਹ!

ਬਚਨਾ : ਕਿਵੇਂ ਚਲਾ ਜਾਵਾਂ ? ਗੁਸੇ ਏਂ ਮੇਰੇ ਨਾਲ ? ਏਥੇ ਖੜੀ ਕੀ ਤੂੰ ਮੇਰੇ ਬਾਰੇ ਨਹੀਂ ਸੀ ਸੋਚ ਰਹੀ ?

ਤਾਰੋ : ਮੇਰੀਆਂ ਸਹੇਲੀਆਂ ਨੇ ਅਜ ਮੈਨੂੰ ਛੇੜਿਆ। ਮੇਰੀ ਬਾਂਹ ਉਤੇ ਝਰੀਟਾਂ ਸਨ। ਉਹ ਆਖਣ ਲੱਗੀਆਂ, ਇਹ ਚੂੜੀਆਂ ਦੇ ਨਿਸ਼ਾਨ ਨਹੀਂ। ਇਹ ਨਿਸ਼ਾਨ ਤੇ ਉਦੋਂ ਪੈਂਦੇ ਨੇ ਜਦੋਂ ਕੋਈ ਆਦਮੀ ਕੁੜੀ ਦਾ ਹੱਥ ਫੜ ਲੈਂਦਾ ਏ। ਫਿਰ ਉਹ ਖਿੜ ਖਿੜ ਹੱਸੀਆਂ। ਜਦੋਂ ਨੈਣ ਕਲ੍ਹ ਮੇਰਾ ਸਿਰ ਗੁੰਦਣ ਆਈ ਤਾਂ ਉਸ ਆਖਿਆ ਮੇਰੇ ਅੰਗਾਂ 'ਚੋਂ ਮਹਿਕ ਆਉਂਦੀ ਏ, ਜੇਹੜੀ ਬੇਰੀ ਨੂੰ ਬੂਰ ਪੈਣ ਤੇ ਆਉਂਦੀ ਏ। ਉਸ ਮੈਨੂੰ ਛੇੜਿਆ, ਕੁਤਕੁਤਾੜੀਆਂ ਕਢੀਆਂ ਤੇ ਫੇਰ ਭੈੜੀਆਂ ਭੈੜੀਆਂ ਗੱਲਾਂ ਆਖੀਆਂ, ਜਿਹੜੀਆਂ ਕੁੜੀਆਂ ਵਿਆਹ ਪਿਛੋਂ ਕਰਦੀਆਂ ਨੇ। ਉਹ ਤਾਂ ਅੱਖਾਂ ਨੂੰ ਪੜ੍ਹ ਲੈਂਦੀ ਏ, ਰਮਜ਼ਾਂ ਪਹਿਚਾਣ ਲੈਂਦੀ ਹੈ, ਤੇ ਕੁੜੀ ਨੂੰ ਇਉਂ ਟੋਹ ਲੈਂਦੀ ਏ ਜਿਵੇਂ ਮਾਲੀ ਅੰਬ ਟੋਹ ਕੇ ਦਸ ਦੇਂਦਾ ਏ, ਕਿ ਕੱਚਾ ਏ ਕਿ ਪੱਕਾ...ਜਾਹ।

ਬਚਨਾ : ਤੂੰ ਡਰਦੀ ਏਂ ? ਤੇਰੀਆਂ ਗਲਾਂ ਸੁਣ ਕੇ ਮੇਰੇ ਅੰਦਰ ਝੁਣਝੁਣੀਆਂ ਦੌੜ ਗਈਆਂ ਸਾਰੇ ਸਰੀਰ ਵਿਚ। ਤੂੰ ਹੱਸਣ ਲਈ ਪੈਦਾ ਹੋਈ ਏਂ।

ਤਾਰੋ : ਮੇਰੇ ਹਾਸੇ ਉਤੇ ਉਸ ਦਿਨ ਤੇਰੀ ਮਾਂ ਨੇ ਮੂੰਹ ਕਿਉਂ ਵਟ ਲਿਆ ਸੀ ?

ਬਚਨਾ : ਬੁੱਢੀਆਂ ਜੁਆਨ ਕੁੜੀਆਂ ਦੇ ਹਾਸੇ ਉੱਤੇ ਸਦਾ ਖਾਰ ਖਾਂਦੀਆਂ ਨੇ। ਮੇਰੀ ਮਾਂ ਚਾਹੁੰਦੀ ਏ ਕਿ ਮੇਰੀ ਵਹੁਟੀ ਸੋਹਣੀ ਹੋਵੇ, ਨਾਲੇ ਇਹ ਵੀ ਚਾਂਹਦੀ ਏ, ਇੰਨੀ ਸੋਹਣੀ ਨਾ ਹੋਵੇ ਕਿ ਮੈਂ ਉਹਨੂੰ ਭੁੱਲ ਜਾਵਾਂ। ਤੇਰਾ ਟੱਲੀ ਵਰਗਾ ਹਾਸਾ ਸੁਣ ਕੇ ਮੈਨੂੰ ਉਹਦੀਆਂ ਗੱਲਾਂ ਦੀ ਪਰਵਾਹ ਨਹੀਂ ਰਹੀ।

ਤਾਰੋ : ਉੱਚੀ ਨਾ ਬੋਲ, ਲੋਕ ਸੁਣ ਲੈਣਗੇ। ਮੇਰੀ ਗੁਆਂਢਣ ਦੇ ਕੰਨ ਇਧਰ ਹੀ ਲਗੇ ਰਹਿੰਦੇ ਹਨ। ਕਈ ਵਾਰੀ ਉਹ ਕੰਧ ਦੇ ਦੂਜੇ ਪਾਸੇ ਅੱਡੀਆਂ ਚੁੱਕ ਕੇ ਗੱਲਾਂ ਸੁਣਦੀ ਏ। ਏਸ ਪਾਸੇ ਘੁਮਿਆਰੀ ਰਹਿੰਦੀ ਏ। ਅੱਧੀ ਰਾਤ ਨੂੰ ਵੀ ਜੇ ਕੋਈ ਕੁੜੀ ਗਲੀ ਵਿਚੋਂ ਲੰਘ ਜਾਏ ਤਾਂ ਉਹ ਸੁੱਤੀ ਪਈ ਝਾਂਝਰ ਦੀ ਛਣਕਾਰ ਸੁਣ ਲਵੇ।

ਬਚਨਾ : ਮੇਰੇ ਕੋਲ ਆ, ਇਥੇ, ਖਿੜਕੀ ਕੋਲ।

ਤਾਰੋ : ਸ਼ੀ...ਸ਼ੀ...ਸ਼ੀ। ਉਹ ਤੀਵੀਆਂ ਜਾਂਦੀਆਂ ਨੇ ਖੂਹ ਉੱਤੇ ਪਾਣੀ ਭਰਨ। ਪਹਿਰ ਸੂਰਜ ਖੜਾ ਏ। ਇਹਨਾਂ ਦੇ ਆਦਮੀ ਹਾਲੇ ਖੇਤੋਂ ਨਹੀਂ ਮੁੜੇ। ਏਨੀ ਛੇਤੀ ਤੁਰ ਪਈਆਂ ਨੇ ਖੂਹ ਨੂੰ। ਖਿੜ ਖਿੜ ਗੱਲਾਂ ਕਰਦੀਆਂ ਨੇ। ਜੇ ਇਹਨਾਂ ਵਿਚੋਂ ਕਿਸੇ ਤੇਰੀ ਪੱਗ ਦਾ ਟੋਰਾ ਦੇਖ ਲਿਆ, ਤਾਂ ਇਹਨਾਂ ਸੌ ਸੌ ਗੱਲਾਂ ਬਣਾਨੀਆਂ ਨੇ। ਇਹੋ ਆਖਣਗੀਆਂ ਮੈਂ ਤੇਰੀਆਂ ਬਾਹਾਂ ਵਿਚ ਡਿੱਗੀ ਪਈ ਸਾਂ।

ਬਚਨਾ : ਮੇਰੀਆਂ ਬਾਹਵਾਂ ਤਗੜੀਆਂ ਨੇ। ਕਦ੍ਹੋਂ ਤਾਂ ਹੁਣੇ ਤੈਨੂੰ ਚੁੱਕ ਕੇ ਬੇਰੀ ਤੋਂ ਏਸ ਪਾਸੇ ਕਰ ਲਵਾਂ।

(ਟੱਪ ਕੇ ਉਹ ਅੰਦਰ ਆ ਜਾਂਦਾ ਹੈ।)

ਤਾਰੋ : ਹਾਏ! ਏਸ ਤਰ੍ਹਾਂ ਮੈਂ ਕਈ ਮਰਦਾਂ ਨੂੰ ਕੁੜੀਆਂ ਚੁੱਕਦੇ ਸੁਣਿਆ ਏ। ਘੋੜੇ ਉੱਤੇ ਲੱਦ ਕੇ, ਅੱਡੀ ਮਾਰ ਕੇ ਉੜਾ ਲੈ ਜਾਂਦੇ ਨੇ। ਝੰਡੂ ਦੀ ਤੀਵੀਂ ਵੀ ਏਸੇ ਤਰ੍ਹਾਂ ਨੱਸੀ ਸੀ। ਕਲ੍ਹ ਉਹ ਫੜੀ ਗਈ। ਉਸ ਦਾ ਮੂੰਹ ਕਾਲਾ ਕਰ ਕੇ ਲੋਕ ਉਸ ਨੂੰ ਗਲੀ ਵਿਚੋਂ ਧੂ ਕੇ ਲੈ ਗਏ। ਤੀਵੀਆਂ ਘਰਾਂ ਵਿਚੋਂ ਨਿਕਲ ਆਈਆਂ। ਉਸ ਉੱਤੇ ਥੂ ਥੂ ਕਰਦੀਆਂ ਸਨ ਤੇ ਫ਼ਿਟ-ਲਾਹਨਤਾਂ ਪਾਉਂਦੀਆਂ ਸਨ। ਉਸ ਦੇ ਕਾਲਖ ਪੋਤੇ ਮੂੰਹ 'ਚੋਂ ਦੰਦ ਇਉਂ ਚਮਕਦੇ ਸਨ ਜਿਵੇਂ ਚਿੱਕੜ 'ਚ ਦੁੱਧ ਡੁੱਲ੍ਹਿਆ ਹੋਵੇ। ਮੈਨੂੰ ਡਰ ਲੱਗਦਾ ਏ।

ਬਚਨਾ : ਤੇਰਾ ਪਿਆਰ ਮੇਰੇ ਅੰਗ ਅੰਗ ਵਿਚ ਰਚ ਗਿਆ ਏ। ਮੈਂ ਆਪਣਾ ਪਿਆਰ ਤੈਨੂੰ ਦੇ ਸਕਦਾ ਹਾਂ, ਕੇਸਰ ਦੇ ਕਟੋਰੇ ਵਾਂਗ:

(ਤਾਰੋ ਚੁੰਨੀ ਦਾ ਲੜ ਖੋਹਲਦੀ ਹੈ।)

ਬਚਨਾ : ਕੀ ਹੈ ?

ਤਾਰੋ : ਸਾਡਾ ਪਿਆਰ। ਰਾਤ ਮੈਂ ਚੂੜੀਆਂ ਕੜਕਾ ਕੜਕਾ ਪਿਆਰ ਕਢਦੀ ਰਹੀ। ਆਹ ਦੇਖ, ਨਿੱਕਾ ਜਿਹਾ ਟੋਟਾ...ਤਾਰੇ ਵਾਂਗ ਚਮਕਦਾ ਏ...

ਬਚਨਾ : ਮੈਂ ਸਾਰੀ ਉਮਰ ਚੂੜੀਆਂ ਬਣਾਉਂਦਾ ਰਿਹਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਚੂੜੀ ਵਿਚ ਇੰਨਾ ਪਿਆਰ ਲੁਕਿਆ ਹੁੰਦਾ ਏ। ਇਉਂ ਲੱਗਦਾ ਏ ਜਿਵੇਂ ਤੈਨੂੰ ਟੋਲ ਰਿਹਾ ਸਾਂ। ਮੇਰੀਆਂ ਚੂੜੀਆਂ ਤੇਰੀ ਵੀਣੀ ਨੂੰ ਟੋਲ ਰਹੀਆਂ ਸਨ...ਮੈਂ ਤੈਨੂੰ ਪਿਆਰ ਕਰਦਾ ਆਂ। ਕੱਚ ਦੀ ਚਮਕਦੀ ਹੋਈ ਕਣੀ ਵੀ ਇਹੋ ਆਖਦੀ ਏ...ਮੈਂ ਤੈਨੂੰ ਪਿਆਰ ਕਰਦਾ ਆਂ।

ਤਾਰੋ : ਮੇਰੇ ਲਹੂ ਵਿਚ ਇਹ ਨਸ਼ਾ ਜੇਹਾ ਤੂੰ ਕੀ ਧੂੜ ਦਿਤਾ ? ਮੈਥੋਂ ਖਲੋ ਵੀ ਨਹੀਂ ਹੁੰਦਾ।

ਬਚਨਾ : ਉਸ ਦਿਨ ਜਦ ਤੂੰ ਚਲੀ ਗਈ, ਤਾਂ ਮੇਰੇ ਸਰੀਰ ਵਿਚ ਕਿਰਮਚੀ ਲੀਕਾਂ ਫਿਰ ਗਈਆਂ। ਰਾਤੀਂ ਜਦ ਨ੍ਹੇਰਾ ਨ੍ਹੇਰੇ ਵਿਚ ਘੁਲ ਗਿਆ, ਤਾਂ ਮੈਂ ਮਹਿਸੂਸ ਕੀਤਾ ਕਿ ਟੱਪਰੀ-ਵਾਸਾਂ ਦੀ ਅੱਗ ਮੇਰੀਆਂ ਹੱਡੀਆਂ ਵਿਚ ਬਲ ਰਹੀ ਸੀ, ਚੰਗਿਆੜੇ ਮੇਰੀਆਂ ਤਲੀਆਂ ਨੂੰ ਚੱਟ ਰਹੇ ਸਨ। ਮੈਂ ਤੈਨੂੰ ਪਿਆਰ ਕਰਦਾ ਆਂ...

(ਉਹ ਉਸ ਨੂੰ ਹਿੱਕ ਨਾਲ ਲਾ ਲੈਂਦਾ ਹੈ।)

(ਦੋ ਬੁੱਢੀਆਂ ਫੱਕੜ ਤੋਲਦੀਆਂ ਲੰਘਦੀਆਂ ਹਨ। ਪਾਟੀਆਂ ਘੱਗਰੀਆਂ, ਪਾਟੀਆਂ ਆਵਾਜ਼ਾਂ ਤੇ ਲੰਮੀਆਂ ਚੁੰਝਾਂ ਵਰਗੇ ਨੱਕ। ਉਹਨਾਂ ਨੇ ਅਰਧ-ਮਖੌਟੇ ਲਾਏ ਹੋਏ ਹਨ, ਜਿਸ ਨਾਲ ਉਹ ਅਦਭੁਤ, ਨਿਸ਼ੰਗ ਦੁਨੀਆਂ ਦੀਆਂ ਵਾਸੀ ਜਾਪਦੀਆਂ ਹਨ। ਉਹਨਾਂ ਦੀਆਂ ਗੱਲਾਂ ਬਚਨੇ ਤੇ ਤਾਰੋ ਦੇ ਨਿਰਮਲ ਤੇ ਨਿਰਛਲ ਪਿਆਰ ਉੱਤੇ ਘਾਗ ਤਜਰਬੇ ਦੀਆਂ ਛਿੱਟਾਂ ਹਨ।)

ਪਹਿਲੀ ਬੁੱਢੀ : ਏਸ ਧੌਲੀ ਦਾੜ੍ਹੀ ਵਾਲੇ ਨੂੰ ਸ਼ਰਮ ਨਾ ਆਈ! ਨੂੰਹ ਰੋਟੀ ਦੇਣ ਗਈ ਤਾਂ ਉਸ ਨੂੰ ਧੂਹ ਕੇ ਚਰ੍ਹੀਆਂ ਵਿਚ ਲੈ ਲਿਆ, ਤੇ ਉਥੇ...ਖੀ ਖੀ, ਖੀ ਖੀ!

ਦੂਜੀ ਬੁੱਢੀ : ਆਦਮੀ ਜਿੰਨਾ ਬੁੱਢਾ ਹੋਵੇ, ਉਨਾਂ ਬਹੁਤਾ ਠਰਕ ਜਾਂਦੈ। ਜਵਾਨ ਵਹਿੜਕਾ ਥਾਂ ਥਾਂ ਬੁਰਕ ਮਾਰਦਾ ਫਿਰਦੈ, ਪਰ ਮੌਲਾ ਬਲਦ ਖੁਰਲੀ ਤੇ ਬੈਠਾ ਹੀ ਆਨੰਦ ਮਾਣਦਾ ਐ। ਉਮਰ ਉਮਰ ਦੇ ਖੇਡ ਏ।

ਪਹਿਲੀ ਬੁੱਢੀ : ਪਰ ਉਸ ਨੇ ਤਾਂ ਆਪਣੀ ਨੂੰਹ ਨੂੰ ਹੀ ਫੜ ਲਿਆ। ਉਂਹ! ਜੇ ਮੈਂ ਹੁੰਦੀ ਤਾਂ ਧੌਲੀ ਦਾੜ੍ਹੀ ਪੁੱਟ ਕੇ ਹੱਥ 'ਚ ਫੜਾ ਦੇਂਦੀ।

ਦੂਜੀ ਬੁੱਢੀ : ਨੀ ਜਾਣ ਦੇਹ। ਆਦਮੀ ਦੀ ਜਾਤ ਈ ਇਹੋ ਜਿਹੀ ਐ। ਮੇਰਾ ਸਹੁਰਾ ਕਿਹੜਾ ਘੱਟ ਸੀ। ਰਾਤ ਨੂੰ...ਸ਼ਸ਼ਸ਼ਸ਼!...ਰਾਤ ਨੂੰ ਜਦੋਂ ਕਦੇ ਮੀਂਹ ਹਨ੍ਹੇਰੀ ਆਉਂਦੀ ਤਾਂ ਉਹ ਮੰਜੀਆਂ ਤੇ ਜੁੱਲੀਆਂ ਮੇਰੇ ਨਾਲ ਅੰਦਰਲੇ ਕੋਠੇ ਵਿਚ ਰਖਾਉਣ ਲਈ ਦੌੜਦਾ। ਹਨੇਰੇ ਵਿਚ ਮੇਰੇ ਨਾਲ ਖਹਿ ਕੇ ਲੰਘਦਾ ਤੇ ਕਈ ਵਾਰ ਮੇਰੀਆਂ.... ਖੀ ਖੀ ਖੀ ਖੀ! ਉਹਨੀਂ ਦਿਨੀਂ ਮੈਂ ਪੀਂਘ ਝੂਟਦੀ ਤਾਂ ਡਾਹਣਾ ਤੋੜ ਦੇਂਦੀ! ਜਿਥੋਂ ਦੀ ਲੰਘਦੀ, ਧਰਤੀ ਹਿੱਲਦੀ।

ਪਹਿਲੀ ਬੁੱਢੀ : ਪਰ ਹੁਣ ?

ਦੂਜੀ ਬੁੱਢੀ : ਹੁਣ ਨਿਰੇ ਕੜਬ ਦੇ ਟਾਂਡੇ।

ਪਹਿਲੀ ਬੁੱਢੀ : ਰਸ ਲੈ ਗਏ ਪਿੰਡ ਦੇ ਮੁੰਡੇ। ਖੀ ਖੀ, ਖੀ ਖੀ!

(ਦੋਵੇਂ ਲੱਚਰ ਹਾਸਾ ਹੱਸਦੀਆਂ ਹੋਈਆਂ ਚਲੀਆਂ ਜਾਂਦੀਆਂ ਹਨ।)

ਤਾਰੋ : ਮੈਨੂੰ ਐਨਾ ਡਰ ਕਦੇ ਨਹੀਂ ਲਗਿਆ। ਮੇਰਾ ਦਿਲ ਹਿੱਕ ਅੰਦਰ ਧਕ ਧਕ ਖੜਕ ਰਿਹਾ ਏ। ਮੇਰੀਆਂ ਉਂਗਲਾਂ ਪਸੀਨੇ ਨਾਲ ਭਿੱਜ ਗਈਆਂ ਨੇ। ਇਉਂ ਲੱਗਦਾ ਏ, ਮੈਂ ਤੈਨੂੰ ਈ ਉਡੀਕ ਰਹੀ ਸਾਂ। ਪਤਾ ਨਹੀਂ ਕੁੜੀਆਂ ਸਾਰੀ ਉਮਰ ਕਿਉਂ ਉਡੀਕਦੀਆਂ ਰਹਿੰਦੀਆਂ ਹਨ। ਮੈਂ ਤਾਂ ਇਕੋ ਡੀਕ ਲਾ ਕੇ ਪੀ ਜਾਣਾ ਚਾਹੁੰਦੀ ਆਂ।

ਬਚਨਾ : ਕਲ੍ਹ ਪੂਰਨਮਾਸ਼ੀ ਐ। ਜਦ ਪੂਰਬ ਵਲੋਂ ਚੰਦ ਚੜ੍ਹੇਗਾ, ਤਾਂ ਮੈਂ ਆਵਾਂਗਾ।

ਤਾਰੋ : ਮੈਂ ਤਾਕੀ ਖੁਲ੍ਹੀ ਰੱਖਾਂਗੀ। ਬਰਖਾ ਵਿਚ ਬੰਦ ਰਹੀ ਐ। ਇਸ ਦੇ ਤਖ਼ਤੇ ਫੁੱਲ ਗਏ ਨੇ। ਜਦ ਚੰਦ ਨਿਕਲਿਆ ਤੇ ਹਨੇਰਾ ਦਰੱਖ਼ਤਾਂ ਹੇਠ ਲੁਕ ਕੇ ਬੈਠ ਗਿਆ ਤੇ ਖੇਤਾਂ ਵਿਚ ਚਾਂਦੀ ਵਿਛ ਗਈ ਤਾਂ ਮੈਂ ਤੈਨੂੰ ਉਡੀਕਾਂਗੀ।

(ਬਚਨਾ ਜਾਂਦਾ ਹੈ। ਤਾਰੋ ਉਸ ਨੂੰ ਜਾਂਦੇ ਨੂੰ ਤੱਕਦੀ ਹੈ।)

ਹਨੇਰਾ

## ਦੂਜੀ ਝਾਕੀ

ਤਾਰੋ ਸਹੇਲੀਆਂ ਨਾਲ ਵਿਹੜੇ ਵਿਚ ਗਿੱਧਾ ਪਾ ਰਹੀ ਹੈ। ਇਕ ਜਣੀ ਢੋਲਕੀ ਵਜਾ ਰਹੀ ਹੈ ਤੇ ਬਾਕੀ ਨੱਚ ਰਹੀਆਂ ਹਨ। ਦੋ ਦੋ ਕੁੜੀਆਂ ਦੇ ਜੁੱਟ ਬੋਲੀ ਪਾਉਂਦੇ ਪਿੜ ਵਿਚ ਨਿਤਰਦੇ ਹਨ। ਲੈਅ ਸਿਖਰ ਉਤੇ ਪੁਜਦੀ ਹੈ ਤਾਂ ਬਾਹਰੋਂ ਮਾੜੂ ਹਾਕਾਂ ਮਾਰਦਾ ਹੋਇਆ ਆਉਂਦਾ ਹੈ। ਕੁੜੀਆਂ ਇਕ ਦਮ ਰੁਕ ਜਾਂਦੀਆਂ ਹਨ।

ਮਾੜੂ : ਤਾਰੋ! ਤਾਰੋ! ਕਿਥੇ ਲੁਕ ਗਈ ? ਬੋਲਦੀ ਕਿਉਂ ਨਹੀਂ ਉਰੇ ਆ ਧੀਏ।

(ਕੁੜੀਆਂ ਚਲੀਆਂ ਜਾਂਦੀਆਂ ਹਨ।)

ਭਾਗਾਂ ਵਾਲਾ ਦਿਨ ਐ ਅੱਜ। ਮਹਿੰਦੀ ਘੁਲੀ ਪਈ ਐ ਕੁੱਜੇ ਵਿਚ। ਅੱਜ ਤੇਰੀ ਮਾਂ ਹੁੰਦੀ ਤਾਂ ਉਹ ਸੌ ਸੌ ਸ਼ਗਨ ਮਨਾਉਂਦੀ। ਚੰਗੇਰ ਵਿਚ ਸੱਗੀ ਫੁੱਲ, ਲਾਲ ਪਰਾਂਦੀ, ਨੱਥ ਤੇ ਕੰਗਣ–

ਤਾਰੋ : ਮੈਂ ਨਹੀਂ ਸਮਝੀ। ਇਹ ਤਾਂ ਵਿਆਹ ਦੀਆਂ ਟੂਮਾਂ ਨੇ।

ਮਾੜੂ : ਅਜ ਤੇਰਾ ਵਿਆਹ ਹੀ ਤਾਂ ਹੈ।

ਤਾਰੋ : ਕੀ ਆਖਿਆ ?

ਮਾੜੂ : ਤੇਰੇ ਕਰਮ ਚੰਗੇ ਕਿ ਉਹ ਮੰਨ ਗਿਆ। ਰੱਜਿਆ ਪੁੱਜਿਆ ਘਰ। ਜਾਗੀਰਦਾਰਾਂ ਵਾਲਾ ਠਾਠ। ਉਹ ਘੋੜੇ ਤੇ ਚੜ੍ਹ ਕੇ ਬਾਜੇ-ਗਾਜੇ ਨਾਲ –

ਤਾਰੋ : ਕੀਹਦੀ ਗੱਲ ਕਰਦੈਂ ਤੂੰ ?

ਮਾੜੂ : ਬਣੀ ਬਣਾਈ ਸਰਦਾਰੀ ਐ। ਮੱਘਰ ਨੂੰ ਸਾਕਾਂ ਦਾ ਘਾਟਾ ਨਹੀਂ ਸੀ।

ਤਾਰੋ : ਮੈਨੂੰ ਨਫ਼ਰਤ ਹੈ ਉਸ ਦੇ ਨਾਂ ਤੋਂ ਵੀ! ਮੈਂ ਅਜਿਹੀ ਸਰਦਾਰੀ ਉਤੇ ਥੁਕਦੀ ਵੀ ਨਹੀਂ।

ਮਾੜੂ : ਮੈਂ ਤੇਰੇ ਵਿਆਹ ਦਾ ਫ਼ੈਸਲਾ ਕਰ ਆਇਆ ਹਾਂ।

ਤਾਰੋ : ਮੈਂ ਉਸ ਨਾਲ ਵਿਆਹ ਨਹੀਂ ਕਰਨਾ।

ਮਾੜੂ : ਤੈਨੂੰ ਸ਼ਰਮ ਨਹੀਂ ਆਉਂਦੀ ਮੇਰੀ ਗੱਲ ਮੋੜਦੀ ਨੂੰ ? ਨਸ਼ੁਕਰੀਏ, ਮੈਂ ਤੈਨੂੰ ਧੀਆਂ ਨਾਲੋਂ ਵੱਧ ਰਖਿਐ। ਹੁਣ ਤੂੰ ਮੇਰੀ ਇੱਜਤ ਰੋਲਣ ਲੱਗੀ ਐਂ ? ਦੱਸਾਂ ਤੈਨੂੰ ਪਤਾ!

(ਤਾਰੋ ਦੀ ਬਾਂਹ ਫੜ ਕੇ ਮਰੋੜਦਾ ਹੈ ਤੇ ਉਹ ਡਿੱਗ ਪੈਂਦੀ ਹੈ।)

ਤਾਰੋ : ਕਿਉਂ ਮੈਨੂੰ ਖੂਹ ਵਿਚ ਧੱਕਾ ਦੇਣ ਲਗਿਐਂ ? ਨਹੀਂ! ਨਹੀਂ ਨਹੀਂ!

(ਤਾਬਾਂ ਆਉਂਦੀ ਹੈ।)

ਤਾਬਾਂ : ਮਾੜੂ, ਕੀ ਕਰਦੈਂ ? ਕਮਲਾ ਹੋਇਐਂ ? ਕੁੜੀ ਨੂੰ ਇਸ ਤਰ੍ਹਾਂ ਧੂਹਣ ਲਗਿਐਂ ? ਪਰ੍ਹਾਂ ਹਟ! ਵਿਚਾਰੀ ਦੀ ਬਾਂਹ ਮਰੋੜ ਦਿਤੀ। ਮੇਰੇ ਕੋਲ ਆ

ਧੀਏ। ਵਿਆਹ ਤਾਂ ਸਭਨਾਂ ਦਾ ਹੁੰਦੈ ਤੂੰ ਇਸ ਸ਼ਗਨ ਤੋਂ ਕਿਉਂ ਡਰਦੀ ਐਂ ?

ਤਾਰੋ : ਮੈਂ ਤੈਥੋਂ ਡਰਦੀ ਆਂ! ਤੁਹਾਡੇ ਸਭਨਾਂ ਤੋਂ!

ਤਾਬਾਂ : ਉਠ ਤਿਆਰ ਹੋ। ਕੁੜੀਆਂ ਸੁਖ ਨਾਲ ਤੇਰੇ ਸੁਹਾਗ ਦੇ ਗੀਤ ਗਾਉਣ ਆਈਆਂ ਨੇ।

(ਕੁੜੀਆਂ ਗਾਉਂਦੀਆਂ ਹੋਈਆਂ ਆਉਂਦੀਆਂ ਹਨ ਤੇ ਤਾਰੋ ਦੇ ਦੁਆਲੇ ਖੜੇ ਕੇ ਗਿਧਾ ਪਾਉਂਦੀਆਂ ਹਨ।)

ਗੀਤ : *ਬੇਰੀ ਦੇ ਉਹਲੇ ਉਹਲੇ*
*ਕਿਉਂ ਖੜੀ ਨੀ ਧੀਏ*
*ਮੈਂ ਤਾਂ ਖੜੀ ਆਂ ਬਾਬਲ ਜੀ ਦੇ ਬਾਰ*
*ਬਾਬਲ ਵਰ ਟੋਲੀਏ ...*
*ਤਾਕੀ ਦੇ ਉਹਲੇ ਉਹਲੇ*
*ਕਿਉਂ ਖੜੀ ਨੀ ਕੁੜੀਏ*
*ਮੈਂ ਤਾਂ ਖੜੀ ਆਂ...*

ਤਾਰੋ : ਬੰਦ ਕਰੋ ਇਹ ਰੌਲਾ!

ਤਾਬਾਂ : ਤੇਰੇ ਸੁਹਾਗ ਦਾ ਗੀਤ ਗਾਉਂਦੀਆਂ ਨੇ, ਧੀਏ।

ਤਾਰੋ : (ਚੀਖ ਕੇ) ਬੰਦ ਕਰੋ!

(ਤਾਰੋ ਘਿਰੀ ਹੋਈ ਸ਼ੇਰਨੀ ਵਾਂਗ ਝਪਟਦੀ ਹੈ। ਉਹ ਕੁੜੀਆਂ ਦੇ ਘੇਰੇ ਵਿਚੋਂ ਨਿਕਲਣ ਦਾ ਜਤਨ ਕਰਦੀ ਹੈ। ਨਗਾੜਾ ਵਜਦਾ ਹੈ ਜੋ ਇਸ ਵਿਆਹ ਦੀ ਰੀਤਾਂ-ਭਰੀ ਅਹੂਤੀ ਵਿਚ ਸ਼ਕਤੀ ਭਰ ਦੇਂਦਾ ਹੈ।

ਤਾਰੋ ਤਿੰਨ ਪਾਸੇ ਦੌੜਦੀ ਹੈ ਤੇ ਹਰ ਵਾਰ ਕੁੜੀਆਂ ਰੀਤਾਂ ਰਸਮਾਂ ਦੀਆਂ ਕੰਧਾਂ ਬਣ ਕੇ ਖੜੇ ਜਾਂਦੀਆਂ ਹਨ। ਚੌਥੇ ਪਾਸੇ ਜਦੋਂ ਦੌੜਦੀ ਹੈ ਤਾਂ ਸਾਹਮਣੇ ਸਿਹਰਾ ਬੰਨ੍ਹੀ ਮੱਘਰ ਖੜਾ ਹੈ। ਉਸ ਦੇ ਸਿਰ ਉਤੇ ਕੇਸਰੀ ਪਗੜੀ ਤੇ ਕਲਗੀ ਹੈ। ਇਕ ਲਾਗੀ ਛਤਰ ਲਈ ਖੜਾ ਹੈ। ਕੁਝ ਹੋਰ ਬੰਦੇ ਲਾਲ ਕਪੜੇ ਨਾਲ ਢੱਕੀਆਂ ਚੰਗੇਰਾਂ ਵਿਚ ਫਲ, ਮਠਿਆਈਆਂ, ਛੁਹਾਰੇ ਤੇ ਮੇਵੇ ਲਈ ਮੌਜੂਦ ਹਨ। ਕਹਾਰ ਡੋਲੀ ਲਈ ਤਿਆਰ ਹਨ।

ਤਾਰੋ ਭੈ-ਭੀਤ ਹੋ ਕੇ ਥਾਏਂ ਸੁੰਨ ਹੋਈ ਖੜੀ ਹੈ। ਮੱਘਰ ਰੱਤਾ ਸਾਲੂ ਪੇਸ਼ ਕਰਦਾ ਹੈ ਅਤੇ ਤਾਬਾਂ ਇਸ ਨੂੰ ਤਾਰੋ ਉਤੇ ਪਾਉਣ ਲਈ ਅੱਗੇ ਵਧਦੀ ਹੈ।)

ਤਾਬਾਂ : ਤੇਰਾ ਪਰਾਹੁੰਣਾ ਆ ਗਿਆ!

ਤਾਰੋ : ਕੌਣ ਐ ਮੇਰਾ ਪਰਾਹੁਣਾ ? ਕੋਈ ਨਹੀਂ!

ਤਾਬਾਂ : ਉਹ ਤੇਰੇ ਲਈ ਲਾਲ ਚੂੜਾ ਤੇ ਰੱਤਾ ਸਾਲੂ ਲੈ ਕੇ ਆਇਆ ਹੈ।

ਤਾਰੋ : (ਚੀਖ ਕੇ) ਮੇਰਾ ਖੱਫਣ! ਨਹੀਂ! ਨਹੀਂ! ਨਹੀਂ!

(ਤਾਬਾਂ ਬਦੋ-ਬਦੀ ਉਸ ਉਤੇ ਸਾਲੂ ਪਾ ਦੇਂਦੀ ਹੈ ਤੇ ਤਾਰੋ ਪਿਛਾੜ ਖਾ ਕੇ ਡਿੱਗ ਪੈਂਦੀ ਹੈ। ਨਗਾੜਾ ਵਜਦਾ ਹੈ। ਤਾਰੋ ਵਿਆਹ ਦੀ ਰਸਮ ਵਿਚ ਬੰਨ੍ਹੀ ਜਾਂਦੀ ਹੈ। ਹਰ ਕੋਈ ਇਕ ਦੂਜੇ ਨੂੰ ਵਧਾਈ ਦੇ ਰਿਹਾ ਹੈ।

ਕੁੜੀਆਂ ਤਾਰੋ ਨੂੰ ਸਹਾਰਾ ਦੇ ਕੇ ਉਠਾਉਂਦੀਆਂ ਹਨ ਤੇ ਗੀਤ ਗਾਉਂਦੀਆਂ

ਹੋਈਆਂ ਹੌਲੀ ਹੌਲੀ ਤਾਰੋ ਨੂੰ ਤੋਰ ਕੇ ਡੋਲੀ ਤੀਕ ਲੈ ਆਉਂਦੀਆਂ ਹਨ। ਕਹਾਰ ਡੋਲੀ ਚੁੱਕ ਕੇ ਲੈ ਜਾਂਦੇ ਹਨ। ਮੱਘਰ ਤੇ ਬਰਾਤੀ ਸ਼ਹਿਨਾਈ ਦੀ ਧੁਨ ਨਾਲ ਵਿਦਾ ਹੋ ਜਾਂਦੇ ਹਨ।

ਹਨੇਰਾ

## ਤੀਜੀ ਝਾਕੀ

ਸ਼ਹਿਨਾਈ ਦੀ ਧੁਨ ਉਸੇ ਤਰ੍ਹਾਂ ਜਾਰੀ ਹੈ। ਕਹਾਰ ਡੋਲੀ ਚੁੱਕੀ ਆਉਂਦੇ ਹਨ। ਉਹ ਡੋਲੀ ਨੂੰ ਇਕ ਪਾਸੇ ਟਿਕਾ ਕੇ ਚਲੇ ਜਾਂਦੇ ਹਨ। ਬਾਕੀ ਬਰਾਤੀ ਵੀ ਵਿਛੜ ਜਾਂਦੇ ਹਲ। ਸਿਰਫ ਤਾਬਾਂ ਤੇ ਮੱਘਰ ਮੰਚ ਉਤੇ ਰਹਿ ਜਾਂਦੇ ਹਨ। ਤਾਬਾਂ ਅੱਗੇ ਵਧ ਕੇ ਡੋਲੀ ·ਾ ਪਰਦਾ ਚੁੱਕਣ ਲੱਗਦੀ ਹੈ ਕਿ ਝੰਡੂ ਫੁੱਲਾਂ ਦੀ ਟੋਕਰੀ ਫੜੀ ਦਾਖ਼ਿਲ ਹੁੰਦਾ ਹੈ।

ਤਾਬਾਂ : ਤੂੰ ਕੀ ਚੁੱਕੀ ਫਿਰਦੈਂ ਵੇ ?

ਝੰਡੂ : ਚੰਬੇਲੀ ਦੀਆਂ ਕਲੀਆਂ। ਸਾਧ ਦੇ ਡੇਰੇ ਗਿਆ ਸਾਂ ਉਥੋਂ ਆਉਂਦਾ ਹੋਇਆ ਬਗੀਚੀ ਵਿਚੋਂ ਕਲੀਆਂ ਲੈ ਆਇਆ।

ਤਾਬਾਂ : ਵੇ ਕੁੱਤਿਆ, ਤੂੰ ਕੀ ਕਰਨਾ ਐ ਕਲੀਆਂ ਦਾ ? ਹੁਣ ਤਾ ਕੋਈ ਪੰਡਿਤ ਲੈ ਕੇ ਆਉਂਦਾ ਜਾਂ ਮਾਲੀ। ਤੂੰ ਭਿੱਟ ਦਿਤਾ। ਹੁਣ ਕਿਸ ਕੰਮ ? ਇਥੇ ਟੰਗਾਂ ਨਾ ਮਾਰਦਾ ਫਿਰ। ਜਾਹ!

ਝੰਡੂ : ਚੱਲਾਂ ਤੇ ਚੱਲ ਕੇ ਕੰਮ ਕਰਾਂ। (ਓਹਲਾ) ਇਹ ਫਫੇ ਕੁੱਟਣੀ ਕੋਈ ਕਾਰਾ ਕਰ ਕੇ ਹਟੂ। ਮੇਰੀ ਖੱਬੀ ਅੱਖ ਫੜਕਦੀ ਐ। ਮਾੜੀ ਗੱਲ ਐ। ਇਸ ਨੇ ਵਿਚ ਪੈ ਕੇ ਵਿਆਹ ਕਰਵਾਇਆ...ਵਿਚਾਰੀ ਨੂੰ ਖੂਹ ਵਿਚ ਧੱਕਾ ਦੇ ਦਿਤਾ। ਮੈਂ ਕਰੰਗਾਵਾੜੀ ਵਿਚ ਮੁਰਦਾਰ ਢੋਏ, ਪਰ ਕਦੇ ਬੂ ਨਹੀਂ ਸੀ ਆਈ। ਇਥੇ ਇਸ ਦੇ ਕਾਰਿਆਂ ਦੀ ਬੂ ਆਉਂਦੀ ਹੈ। ਮੈਂ ਜਾਵਾਂ ਨਹੀਂ ਤਾਂ ਖੌਸੜੇ ਪੈਣਗੇ। ਔਹ ਜਾਂਦੈ ਨਰਾਇਣਾ ਬੰਦੂਕ ਚੁੱਕੀ। ਜਾ ਕੇ ਉਸ ਨੂੰ ਮਿਲਾਂ!

(ਉਹ ਜਾਂਦਾ ਹੈ।)

ਤਾਬਾਂ : ਸ਼ੁਕਰ ਐ ਇਹ ਕਾਰਜ ਸਿਰੇ ਚੜ੍ਹਿਆ, ਮੱਘਰਾ।

(ਉਹ ਡੋਲੀ ਦਾ ਘੁੰਡ ਚੁੱਕਦੀ ਹੈ ਤੇ ਹੱਥ ਫੜ ਕੇ ਤਾਰੋ ਨੂੰ ਬਾਹਰ ਕੱਢਦੀ ਹੈ।)

ਮੱਘਰਾ, ਕੁੜੀ ਸੰਗਦੀ ਐ...ਔਹ ਖੜੀ ਐ ਸਾਲੂ ਲਈ, ਨੀਵੀਂ ਪਾਈ। ਤੈਨੂੰ ਉਡੀਕਦੀ ਐ।

(ਮੱਘਰ ਰੁਮਾਲ ਨਾਲ ਮੂੰਹ ਪੂੰਝਦਾ ਹੈ, ਮੁੱਛਾਂ ਤੇ ਕੰਨਾਂ ਉਤੇ ਇਤਰ ਲਾਉਂਦਾ ਹੈ ਤੇ ਜੇਬ ਵਿਚੋਂ ਸੋਨੇ ਦੇ ਕੰਗਣ ਕੱਢ ਕੇ ਉਸ ਵਲ ਵਧਦਾ ਹੈ।)

ਤਾਰੋ : ਖ਼ਬਰਦਾਰ, ਜੇ ਹੱਥ ਲਾਇਆ!

ਮੱਘਰ : ਇਹ ਕੰਗਣ ਤੇਰੇ ਵਾਸਤੇ ਹੀ ਨੇ...ਤੇ ਇਹ ਛਾਪਾਂ। ਜਿਹੜੀ ਮਰਜ਼ੀ ਲੈ ਲੈ।

ਤਾਰੋ : ਮੈਨੂੰ ਘਿਰਣਾ ਆਉਂਦੀ ਐ ਤੈਥੋਂ!

ਤਾਬਾਂ : ਕੁੜੀਏ, ਕੁਝ ਤਾਂ ਲੱਜ-ਲਿਹਾਜ ਰੱਖ, ਤੇਰਾ ਘਰ ਵਾਲਾ ਐ।

ਤਾਰੋ : ਦੂਰ ਹੱਟ ਚੁੜੇਲੇ!

ਤਾਬਾਂ : ਇਹੋ ਇਨਾਮ ਦਏਂਗੀ ਤੂੰ ਮੈਨੂੰ, ਕਮਜ਼ਾਤੇ! ਤੈਨੂੰ ਸਰਦਾਰਨੀ ਬਣਾਇਆ, ਪਰ ਤੂੰ...ਮੱਘਰਾ!

ਮੱਘਰ : ਮੈਂ ਸੋਚਿਆ, ਇਹ ਭਲੇ ਘਰ ਦੀ ਕੁੜੀ ਐ। ਕਾਹਨੂੰ ਇਸ ਉਤੇ ਹੱਥ ਚੁਕਣੈਂ।
(ਉਹ ਪਿਛੋਂ ਦੀ ਜਾ ਕੇ ਉਸ ਨੂੰ ਫੜ ਲੈਂਦਾ ਹੈ। ਤਾਰੋ ਛਡਵਾਉਣ ਦਾ ਜਤਨ ਕਰਦੀ ਹੈ।)

ਤਾਰੋ : ਛੱਡ ਮੈਨੂੰ! ਦੁਸ਼ਟਾ! ਛੱਡ ਦੇ ਮੈਨੂੰ!

ਮੱਘਰ : ਮੈਂ ਕਿੰਨੇ ਚਿਰਾਂ ਦਾ ਤੇਰੇ ਪਿਛੇ ਫਿਰਦਾ ਆਂ...ਪਿਆਰ ਦਾ ਮਾਰਿਆ...ਮਸਾਂ ਕਾਬੂ ਆਈ ਐਂ...ਨੀ! ਦੰਦੀ ਵੱਢ ਕੇ ਮੇਰਾ ਹੱਥ ਚਿੱਥ ਸੁਟਿਆ! ਇਸ ਦੇ ਖ਼ਾਨਦਾਨ ਵਿਚ ਹੀ ਅੜ ਐ। ਅੱਜ ਮੈਂ ਇਹ ਅੜ ਭੰਨ ਕੇ ਹਟਣੈਂ।
(ਉਸ ਨੂੰ ਫਿਰ ਫੜ ਲੈਂਦਾ ਹੈ। ਤਾਰੋ ਇਸ ਜਦੋ-ਜਹਿਦ ਵਿਚ ਉਸ ਨੂੰ ਪਰ੍ਹਾਂ ਸੁਟ ਦੇਂਦੀ ਹੈ।)

ਤਾਬਾਂ : ਇਸ ਨੂੰ ਪਲੋਸਦੈਂ ਤੇ ਇਹ ਹਰਾਮਣ ਸਿਰ ਤੇ ਹੀ ਚੜ੍ਹਦੀ ਆਉਂਦੀ ਐ। (ਝਈ ਲੈ ਕੇ) ਨੀ ਕਮਜ਼ਾਤੇ, ਤੂੰ ਹੁਣ ਮੇਰੇ ਝਾਟੇ ਵਿਚ ਸੁਆਹ ਪਾਉਣ ਲੱਗੀ ਐਂ ?
(ਤਾਬਾਂ ਉਸ ਦੀ ਹਿੱਕ ਉਤੇ ਚੜ੍ਹ ਬੈਠਦੀ ਹੈ।)

ਤਾਰੋ : ਹਾਏ ਮਾਂ! ਛੱਡ ਦੇ ਮੈਨੂੰ! ਮੇਰਾ ਸਾਹ...ਪਰ੍ਹਾਂ ਮਰ ਚੰਦਰੀਏ!
(ਉਹ ਤਾਬਾਂ ਨੂੰ ਪਰ੍ਹਾਂ ਸੁਟ ਦੇਂਦੀ ਹੈ। ਖ਼ੌਫ਼ ਨਾਲ ਉਹ ਧਰਤੀ ਨੂੰ ਫੜੀ ਬੈਠੀ ਹੈ। ਮੱਘਰ ਕਾਮ-ਵੱਸ ਅੰਨ੍ਹਾ ਹੋਇਆ ਉਸ ਵੱਲ ਵਧਦਾ ਹੈ। ਤਾਰੋ ਚੀਖ਼ ਮਾਰਦੀ ਹੈ।)

ਹਨੇਰਾ

(ਜਦ ਸੁਰਖ਼ ਰੌਸ਼ਨੀ ਹੌਲੀ ਹੌਲੀ ਤੇਜ਼ ਹੁੰਦੀ ਹੈ ਤਾਂ ਤਾਰੋ ਨਿਢਾਲ ਡਿੱਗੀ ਪਈ ਹੈ—ਵਾਲ ਖੁਲ੍ਹੇ ਚੂੜੀਆਂ ਟੁੱਟੀਆਂ ਹੋਈਆਂ, ਫੁੱਲ ਮਿੱਧੇ ਹੋਏ। ਉਸ ਦਾ ਸਾਲੂ ਰੁਲਿਆ ਪਿਆ ਹੈ। ਮੱਘਰ ਤੇ ਤਾਬਾਂ ਜਾ ਚੁੱਕੇ ਹਨ। ਤਾਰੋ ਉਦਾਸ ਨਜ਼ਰਾਂ ਨਾਲ ਤੱਕਦੀ ਹੈ। ਸ਼ਹਿਨਾਈ ਦੀ ਆਵਾਜ਼ ਹੁਣ ਵੀ ਕਿਤੋਂ ਆ ਰਹੀ ਹੈ ਜਿਵੇਂ ਕੋਈ ਵੈਣ ਪਾ ਰਿਹਾ ਹੋਵੇ। ਤਾਰੋ ਉਠਦੀ ਹੈ, ਤੇ ਸਾਲੂ ਨੂੰ ਘਸੀਟਦੀ ਹੋਈ ਹੌਲੀ ਹੌਲੀ ਤੁਰਦੀ ਬਾਹਰ ਚਲੀ ਜਾਂਦੀ ਹੈ। ਉਸ ਦੀ ਚਾਲ ਵਿਚ ਟੁੱਟੀ ਹੋਈ ਆਤਮਾ ਦਾ ਬੁਖ਼ਾਰ ਹੈ।

ਝੰਡੂ ਦੂਜੇ ਪਾਸਿਉਂ ਦਾਖ਼ਿਲ ਹੋ ਚੁਕਾ ਹੈ ਤੇ ਜਾਂਦੀ ਹੋਈ ਤਾਰੋ ਨੂੰ ਦੇਖਦਾ ਹੈ। ਉਹ ਮੰਚ ਦੇ ਵਿਚਕਾਰ ਆ ਕੇ ਬੀਤੇ ਹੋਏ ਭਾਣੇ ਨੂੰ ਭਾਸਦਾ ਹੈ। ਉਹ ਮਿੱਧੇ ਹੋਏ ਫੁੱਲ ਤੇ ਟੁੱਟੀਆਂ ਹੋਈਆਂ ਵੰਗਾਂ ਦੇ ਟੋਟੇ ਚੁੱਗ ਕੇ ਟੋਕਰੀ ਵਿਚ ਪਾਉਂਦਾ ਹੈ। ਤਾਬਾਂ ਤੇ ਮੱਘਰ ਦਾਖ਼ਿਲ ਹੁੰਦੇ ਹਨ।)

ਤਾਬਾਂ : ਘਬਰਾ ਨਾ ਤੂੰ। ਸਿਹਰੇ ਬੰਨ੍ਹ ਕੇ ਲਿਆਂਦੀ ਐ, ਜਾਊ ਕਿਥੇ। ਕੁੜੀਆਂ ਤਾਂ ਪਹਿਲੀ ਰਾਤ ਇਉਂ ਹੀ ਕਰਦੀਆਂ ਹੁੰਦੀਆਂ ਨੇ। ਪਿਛੋਂ ਆਪੇ ਠੀਕ ਹੋ ਜਾਂਦੀਆਂ ਨੇ। ਮੇਰਾ ਕੰਮ ਖ਼ਤਮ, ਹੁਣ ਬਾਕੀ ਦੇ ਪੈਸੇ ਕੱਢ।

ਮੱਘਰ : ਅਹਿ ਫੜ ਆਪਣੇ ਪੈਸੇ। ਉਸ ਨੇ ਮੇਰਾ ਮੂੰਹ ਵਲੂੰਧਰ ਦਿਤਾ, ਤੇ ਜ਼ਰੀ ਵਾਲਾ ਕੋਟ ਪਾੜ ਦਿਤਾ।

ਤਾਬਾਂ : ਫੇਰ ਕੀ ਹੋ ਗਿਆ ? ਕੁੜੀ ਵੀ ਤਾਂ ਕਬੂਤਰੀ ਵਰਗੀ ਐ। (ਰੁਪਏ ਗਿਣਦੀ ਹੈ) ਮੇਰੀ ਘੱਗਰੀ ਵੀ ਪਾਟ ਗਈ। ਹੁਣ ਮੈਂ ਨਵੀਂ ਸਵਾਵਾਂਗੀ। ਉਸ ਨੂੰ ਕਿਥੇ ਛੱਡ ਆਇਐਂ ? ਤੇ ਇਹ ਕੁੱਤਾ ਇਥੇ ਕੀ ਕਰਦੈ ?

ਝੰਡੂ : ਇਹ ਜਿਹੜੇ ਤੂੰ ਕੰਡੇ ਬੀਜੇ ਨੇ, ਉਹਨਾਂ ਨੂੰ ਹੂੰਝ ਰਿਹਾ ਆਂ।

ਤਾਬਾਂ : ਵੇ ਹਰਾਮੀਆਂ, ਕਿਹੜੇ ਕੰਡੇ ?

ਝੰਡੂ : ਤੂੰ ਹਾਲ ਤੀਕ ਛਡਿਆ ਨਹੀਂ ਆਪਣਾ ਕੁਪੱਤਾ ਕੰਮ! ਜਿਸ ਘਰ ਪੈਰ ਪਾਉਂਦੀ ਐਂ, ਉਸੇ ਨੂੰ ਉਜਾੜ ਦੇਂਦੀ ਐਂ। ਦੱਲੀਏ, ਖ਼ਬਰਦਾਰ ਜੇ ਮੈਨੂੰ ਸੋਟੀ ਚੁਕੀ! ਜਬਾੜ੍ਹੇ ਭੰਨ ਦੇਊਂ। ਇਹਨਾਂ ਹੱਥਾਂ ਨੇ ਹਾਲ ਤੀਕ ਸੇਵਾ ਹੀ ਕੀਤੀ ਐ, ਪਰ ਇਹ ਖ਼ੂਨ ਵੀ ਕਰ ਸਕਦੇ ਹਨ। ਤੂੰ ਹੀ ਸੈਂ ਜਿਸ ਨੇ ਮੇਰਾ ਘਰ ਪਟਿਆ, ਮੇਰੀ ਤੀਵੀਂ ਨੂੰ ਉਧਾਲਿਆ...

ਤਾਬਾਂ : ਮੈਂ ? ਹੂੰਹ! ਵੇ ਹੁਣ ਮੈਂ ਐਨੀ ਨਿੱਘਰ ਗਈ ਕਿ ਤੇਰੇ ਵਰਗੇ ਨੀਚ ਦੀ ਤੀਵੀਂ ਦੇ ਮੱਥੇ ਲੱਗਾਂ।

ਝੰਡੂ : ਬਦਜ਼ਾਤੇ, ਤੈਥੋਂ ਨੀਚ ਕੌਣ ਹੋਊ ? ਮੈਨੂੰ ਸਭ ਪਤਾ ਲੱਗ ਗਿਆ। ਨਰਾਇਣੇ ਨੇ ਦਸਿਐ ਕਿ ਤੂੰ ਹੀ ਸੈਂ ਜਿਸ ਨੇ ਸਾਰਾ ਜਾਲ ਵਿਛਾਇਆ। ਮੇਰੀ ਤੀਵੀਂ ਨੂੰ ਭਜਾ ਕੇ ਵਿਚੋਂ ਪੈਸੇ ਖਾਧੇ। ਤੂੰ ਤਾਂ ਮੁਰਦੇ ਦਾ ਖ਼ਫ਼ਨ ਵੇਚ ਕੇ ਵੀ ਪੈਸੇ ਖਾ ਜਾਏਂ। ਥੂਹ ਤੇਰੀ ਜ਼ਾਤ ਤੇ!

ਮੱਘਰ : ਚੁੱਪ ਕਰ ਕਮੀਨਿਆ! ਤੇਰੀ ਇਹ ਮਜਾਲ ਤੂੰ ਮੂਹਰੇ ਬੋਲੇਂ ?

ਝੰਡੂ : ਬਥੇਰਾ ਚਿਰ ਤੁਹਾਡੇ ਘਰ ਦਾ ਕੂੜਾ ਢੋਇਆ। ਪਰ ਮੈਂ ਤੁਹਾਡੇ ਪਾਪਾਂ ਦਾ ਕੂੜਾ ਨਹੀਂ ਢੋਵਾਂਗਾ। ਇਹਨਾ 'ਚੋਂ ਸੜਿਹਾਂਦ ਆਉਂਦੀ ਹੈ!

ਤਾਬਾਂ : ਤੂੰ ਹਮੇਸ਼ਾਂ ਇਸ ਉਤੇ ਦਯਾ ਕੀਤੀ। ਪਰ ਸੱਪ ਨੂੰ ਜਿੰਨਾ ਮਰਜ਼ੀ ਦੁੱਧ ਪਿਲਾਓ ਆਖ਼ਿਰ ਡੰਗ ਮਾਰੂ।

ਮੱਘਰ : ਤੂੰ ਇਹ ਬਦਲਾ ਚੁਕਾਉਣ ਲਗਿਐਂ ਮੇਰੇ ਅਹਿਸਾਨਾਂ ਦਾ ? ਤੁਹਾਡੀਆਂ ਪੀੜ੍ਹੀਆਂ ਨੇ ਸਾਡੇ ਘਰ ਦਾ ਨਮਕ ਖਾਧਾ। ਨਮਕ-ਹਰਾਮ!

ਝੰਡੂ : ਮੈਂ ਹੁਣ ਤੇਰੇ ਘਰ ਦਾ ਕੂੜਾ ਨਹੀਂ ਢੋਣਾ। (ਟੋਕਰੀ ਸੁੱਟ ਦੇਂਦਾ ਹੈ) ਮੈਨੂੰ ਤੇਰੇ ਵਿਹੜੇ ਤੋਂ ਹੀ ਨਫ਼ਰਤ ਹੈ। ਇਥੇ ਕਿੰਨੀਆਂ ਅਲ੍ਹੜ ਕੁੜੀਆਂ ਦੀਆਂ ਚੂੜੀਆਂ ਟੁੱਟੀਆਂ। ਕਿੰਨੀਆਂ ਦੇ ਸਤ ਭੰਗ ਹੋਏ। ਥੂਹ!

(ਚਲਾ ਜਾਂਦਾ ਹੈ।)

ਤਾਬਾਂ : ਚੰਗਾ ਹੋਇਆ, ਦਫ਼ਾ ਹੋ ਗਿਆ! ਇਹ ਕਮੀਨਾ ਹਰ ਵੇਲੇ ਤੇਰੇ ਘਰ ਦੀਆਂ ਸੂਹਾਂ ਲੈਂਦਾ ਰਹਿੰਦਾ ਸੀ। ਤਾਰੋ ਨੂੰ ਕਿਥੇ ਛੱਡ ਆਇਐਂ ? ਕਿਤੇ ਦੌੜ ਤਾਂ ਨਹੀਂ ਗਈ ? ਚਲ, ਉਸ ਦੇ ਪਿਛੇ ਚਲੀਏ...ਕੀ ਪਤਾ ਦੌੜ ਕੇ ਬਚਨੇ ਕੋਲ ਜਾ ਵੜੀ ਹੋਵੇ। ਛੇਤੀ ਕਰ। ਬੁਲਾ ਆਪਣੇ ਬੰਦਿਆਂ ਨੂੰ! ਉਹ ਕਿਥੇ ਮਰ ਗਏ।

ਮੱਘਰ : ਸ਼ੇਰਿਆ! ਉਏ ਕਿਰਪਿਆ! ਛੇਤੀ ਆਉ ਸਾਡੇ ਮਗਰ!

(ਤਾਬਾਂ ਤੇ ਮੱਘਰ ਤੇਜ਼ੀ ਨਾਲ ਜਾਂਦੇ ਹਨ। ਸ਼ੇਰਾ ਤੇ ਕਿਰਪਾ ਛਵ੍ਹੀਆਂ ਫੜੀ ਉਹਨਾਂ ਦੇ ਪਿਛੇ ਪਿਛੇ।)

## ਚੌਥੀ ਝਾਕੀ

ਬਚਨਾ ਮੇਲੇ ਵਿਚ ਜਾਣ ਲਈ ਤਿਆਰ ਖੜਾ ਹੈ। ਮੂੰਗੀਆ ਪੱਗ, ਗਲ ਵਿਚ ਕੰਠਾ, ਸਿੱਪ ਦੇ ਬਟਨਾਂ ਵਾਲੀ ਵਾਸਕਟ। ਨਿਹਾਲੀ ਚਿੰਤਾਤੁਰ ਹੈ।

ਬਚਨਾ : ਮੇਲਾ ਮੁਕਿਆ ਤਾਂ ਘਰ ਮੁੜਾਂਗਾ।

ਨਿਹਾਲੀ : ਹੁਣ ਤੂੰ ਕੀ ਕਰਨ ਚਲਿਐਂ ਮੇਲੇ ? ਆਥਨ ਹੋ ਗਈ।

ਬਚਨਾ : ਲੋਕ ਬੋਲੀਆਂ ਪਾ ਰਹੇ ਨੇ, ਆਪਣੀ ਆਵਾਜ਼ ਦੀ ਮਸਤੀ ਵਿਚ ਗੁੱਟ। ਟੱਲੀਆਂ ਖੜਕ ਰਹੀਆਂ ਨੇ...ਮੇਰਾ ਪਟਕਾ ਕਿਥੇ ਐ ?

ਨਿਹਾਲੀ : ਮੈਂ ਨਹੀਂ ਦੇਂਦੀ।

ਬਚਨਾ : (ਉਸ ਤੋਂ ਖੋਹ ਕੇ) ਮੈਨੂੰ ਜਾਣ ਦੇ!

(ਉਹ ਪਟਕਾ ਲੱਕ ਦੁਆਲੇ ਬੰਨ੍ਹਦਾ ਹੈ।)

ਨਿਹਾਲੀ : (ਪਟਕੇ ਤੋਂ ਫੜ ਕੇ) ਨਾ ਜਾ। ਦੋਵੇਂ ਵੇਲੇ ਮਿਲਦੇ ਨੇ। ਮੈਂ ਪਿੱਪਲ ਹੇਠ ਦੀਵਾ ਬਾਲ ਕੇ ਆਈ ਆਂ। ਸੁੱਖਾਂ ਸੁਖਦੀ ਨੂੰ ਇਹ ਦਿਨ ਆ ਗਿਆ। ਰੱਬ ਕਰੇ ਤੇਰਾ ਛੇਤੀ ਵਿਆਹ ਹੋ ਜਾਵੇ ਤਾਂ ਮੈਂ ਸੁਖਾਲੀ ਹੋਵਾਂ। ਕਲ੍ਹ ਬੱਖੇ ਦੇ ਘਰੋਂ ਨੈਣ ਆਈ ਤੇ ਮੈਂ ਰੁਪਿਆ ਫੜ ਲਿਆ।

ਬਚਨਾ : ਤੈਨੂੰ ਪਤਾ ਏ, ਮੈਂ ਨਹੀਂ ਕਰਾਉਣਾ ਵਿਆਹ ਬਖ਼ਤੌਰੇ ਦੀ ਧੀ ਨਾਲ।

ਨਿਹਾਲੀ : ਕੋਈ ਕਢ ਕੇ ਲੈ ਆਏਂਗਾ ਫੇਰ ? ਪਿਉ ਦਾਦੇ ਦਾ ਨਾਂ ਉਜਾਗਰ ਕਰੇਂਗਾ ? ਮੈਂ ਹੁਣ ਬਖ਼ਤੌਰੇ ਦੇ ਘਰੋਂ ਆਇਆ ਰੁਪਈਆ ਨਹੀਂ ਮੋੜਨਾ।

ਬਚਨਾ : ਮੈਂ ਉਸ ਦੇ ਰੁਪਈਏ ਤੇ ਥੁਕਦਾ ਵੀ ਨਹੀਂ!

ਨਿਹਾਲੀ : ਤੂੰ ਮੇਰੇ ਆਖੇ ਨਹੀਂ ਲਗੇਂਗਾ ? ਹੁਣ ਛੇਕੜਲੀ ਉਮਰੇ ਮੇਰੀ ਹਿੱਕ 'ਚ ਮੁੱਕੀ ਨਾ ਮਾਰੀਂ।

ਬਚਨਾ: ਮੈਨੂੰ ਨਹੀਂ ਲੋੜ ਏਸ ਰੁਪਈਏ ਦੀ। ਔਹ ਜਾਂਦਾ ਏ ਰੁਪਈਆ!

(ਰੁਪਿਆ ਵਗਾਹ ਮਾਰਦਾ ਹੈ।)

ਨਿਹਾਲੀ : ਵੇ ਕਰਮਾਂ ਮਾਰਿਆ, ਰੁਪਈਆ ਨਹੀਂ ਸੁਟੀਦਾ ਏਸ ਤਰ੍ਹਾਂ। ਲੱਛਮੀ ਨੂੰ ਧੱਕਾ ਦੇਨਾ ਏਂ, ਲੱਛਮੀ ਵੀ ਤੈਨੂੰ ਏਸੇ ਤਰ੍ਹਾਂ ਧੱਕਾ ਦੇਊ! ਮੇਰੀ ਗੱਲ ਮੰਨ ਪੁੱਤਾ।

ਬਚਨਾ : ਬਥੇਰੀਆਂ ਗੱਲਾਂ ਮੰਨੀਆਂ ਨੇ ਤੇਰੀਆਂ, ਪਰ ਇਹ ਨਹੀਂ ਮੰਨਣੀ।

ਨਿਹਾਲੀ : ਮੈਂ ਉਮਰਾਂ ਤੱਕੀਆਂ ਨੇ, ਪੁੱਤ। ਧੁੱਪਾਂ ਤੇ ਛਾਵਾਂ ਦੇਖੀਆਂ ਨੇ। ਮਾਂ ਦਾ ਕਾਲਜਾ ਮਚਦਾ ਰਹਿੰਦਾ ਏ। ਤਦੇ ਠੰਢ ਪੈਂਦੀ ਐ ਜਦੋਂ ਉਹ ਆਪਣੀ ਆਂਦਰ ਨੂੰ ਫਲਦਾ ਫੁਲਦਾ ਦੇਖੇ।

ਬਚਨਾ : ਮੈਂ ਵਿਆਹ ਦਾ ਫ਼ੈਸਲਾ ਕਰ ਲਿਆ।

ਨਿਹਾਲੀ : ਵਿਆਹ ਦਾ ਫ਼ੈਸਲਾ ?

ਬਚਨਾ : ਹਾਂ, ਮੈਂ ਕੁੜੀ ਦੇਖ ਲਈ ਤੇ ਵਚਨ ਦੇ ਦਿਤਾ।

ਨਿਹਾਲੀ : ਮੈਂ ਜਾਣਦੀ ਆਂ ਜਿਸ ਨੂੰ ਤੂੰ ਵਚਨ ਦਿਤੈ।

ਬਚਨਾ : ਹਾਂ। ਮੈਂ ਵਚਨ ਦਿਤੈ ਕਿ ਪੂਰਨਮਾਸ਼ੀ ਵਾਲੇ ਦਿਨ ਵਿਆਹ ਕਰਾਂਗਾ, ਤੇ ਅੱਜ ਉਹ ਦਿਨ ਆ ਗਿਐ। ਉਹ ਮੈਨੂੰ ਉਡੀਕ ਰਹੀ ਐ।

ਨਿਹਾਲੀ : ਕੌਣ ? ਤਾਰੋ ?

ਬਚਨਾ : ਹਾਂ, ਤਾਰੋ।

ਨਿਹਾਲੀ : ਉਹ ਮੇਰੀ ਦੇਹਲੀ ਨਹੀਂ ਚੜ੍ਹੇਗੀ! ਪੁੱਤਾ, ਅਜਿਹੀਆਂ ਕੁੜੀਆਂ ਘਰ ਵਸਾਉਂਦੀਆਂ ਨਹੀਂ, ਉਜਾੜਦੀਆਂ ਨੇ। ਉਸ ਦਾ ਮਾਮਾ ਤਿੰਨ ਵਾਰ ਉਸ ਦੇ ਪੈਸੇ ਵੱਟ ਚੁਕਿਐ, ਤੇ ਹੁਣ ਉਹ ਮੱਘਰ ਨੂੰ ਵਿਆਹ ਦਿਤੀ ਐ।

ਬਚਨਾ : ਝੂਠ!

ਨਿਹਾਲੀ : ਸਾਰੇ ਪਿੰਡ ਨੂੰ ਪਤੇ। ਤੇਰੀਆਂ ਅੱਖਾਂ ਤੇ ਪਰਦਾ ਪਿਆ ਹੋਇਐ। ਮੱਘਰ ਘੋੜੇ ਤੇ ਚੜ੍ਹ ਕੇ ਗਿਆ...ਰੁਪਈਏ, ਟੂੰਮਾਂ ਤੇ ਸ਼ਰਾਬ ਦੇ ਮੱਟ।...ਮਾੜੂ ਦਾ ਵਿਹੜਾ ਭਰ ਗਿਆ। ਤਾਰੋ ਨੂੰ ਨਵੇਂ ਕਪੜੇ ਤੇ ਸੋਨੇ ਦੇ ਕੰਗਣ।

ਬਚਨਾ : ਉਸ ਨੇ ਇਕ ਵਾਰ ਮੇਰੇ ਹੱਥ ਦੀਆਂ ਬਣੀਆਂ ਚੂੜੀਆਂ ਪਾ ਲਈਆਂ ਤਾਂ ਉਸ ਨੇ ਸੋਨੇ ਦੇ ਕੰਗਣ ਨਹੀਂ ਪਾਉਣੇ। ਮੈਨੂੰ ਜਾਣ ਦੇ। ਛੱਡ ਦੇ। ਉਸ ਨੇ ਕਿਹਾ ਸੀ ਕਿ ਤਾਕੀ ਖੁਲ੍ਹੀ ਰੱਖਾਂਗੀ...ਉਹ ਮੈਨੂੰ ਉਡੀਕਦੀ ਹੋਵੇਗੀ।

ਨਿਹਾਲੀ : ਮੈਂ ਤੈਨੂੰ ਉਸ ਦੇ ਪਿੱਛੇ ਨਹੀਂ ਜਾਣ ਦੇਣਾ!

ਬਚਨਾ : ਛੱਡ ਦੇ ਮਾਂ!

ਨਿਹਾਲੀ : ਵੇ ਪੁੱਤਾ! ਮਾਂ ਹੀ ਜਾਣਦੀ ਐ ਇਸ ਪੀੜ ਨੂੰ ਜਦੋਂ ਜਵਾਨ ਪੁੱਤ ਤੀਵੀਂ ਪਿੱਛੇ ਮਾਂ ਨੂੰ ਧੱਕਾ ਦੇ ਜਾਂਦੈ। ਇਹ ਸੱਲ ਤਾਂ ਮੇਰੇ ਕਾਲਜੇ ਵਿਚ ਉਸ ਵੇਲੇ ਵੀ ਨਹੀਂ ਸੀ ਵੱਜਿਆ ਜਦੋਂ ਤੇਰਾ ਪਿਓ ਮੈਨੂੰ ਛੱਡ ਕੇ ਗਿਆ ਸੀ। (ਘੁੱਟ ਕੇ ਉਸ ਨੂੰ ਫੜ ਲੈਂਦੀ ਹੈ) ਜਿਸ ਦਿਨ ਉਸ ਨੇ ਜਾਣਾ ਸੀ ਉਸ ਦੀਆਂ ਨਜ਼ਰਾਂ ਵਿਚ ਫ਼ਰਕ ਸੀ। ਇਕ ਡਰ ਜਿਹਾ ਬੈਠਾ ਸੀ ਮੇਰੇ ਅੰਦਰ, ਜਿਵੇਂ ਹਨੇਰੇ ਵਿਚ ਸੱਪ ਮੇਲ੍ਹ ਰਿਹਾ ਹੋਵੇ...ਉਸ ਨੇ ਮੇਰੇ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ। ਜਦੋਂ ਵੀ ਉਸ ਮੇਰੇ ਉਤੇ ਜ਼ੁਲਮ ਕੀਤਾ ਉਸ ਤੋਂ ਪਹਿਲਾਂ ਪਿਆਰ ਦੀ ਬੁਰਕੀ ਸੁੱਟੀ। ਜਦ ਮੈਂ ਉਸ ਨੂੰ ਆਖਿਆ ਕਿ ਮੇਲੇ ਵਿਚ ਨਾ ਜਾ ਤਾਂ ਇਕਦਮ ਉਸ ਦਾ ਚਿਹਰਾ ਬਦਲ ਗਿਆ ਤੇ ਅੱਖਾਂ ਵਿਚੋਂ ਗ਼ੁੱਸਾ ਚਮਕਣ ਲੱਗਾ। ਮੈਨੂੰ ਰੋਂਦੀ ਨੂੰ ਸੁੱਟ ਕੇ ਉਹ ਮੇਰੀ ਸੌਂਕਣ ਪਿੱਛੇ ਚਲਾ ਗਿਆ...ਤਾਰੋ ਦੀ ਮਾਂ ਪਿੱਛੇ...

ਬਚਨਾ : ਤਾਰੋ ਦੀ ਮਾਂ... ?

ਨਿਹਾਲੀ : ਹਾਂ ਪੁੱਤ! ਟੱਪਰੀਵਾਸਣ ਪਿੱਛੇ ਨਹੀਂ ਸੀ ਗਿਆ, ਤਾਰੋ ਦੀ ਮਾਂ ਪਿੱਛੇ। ਜਿਸ ਰਾਤ ਉਹ ਦੌੜੇ, ਰੱਬ ਨੇ ਦੋਹਾਂ ਨੂੰ ਵਜ਼ੀਰੇ ਦੇ ਖੇਤ ਵਿਚ ਘੇਰ ਲਿਆ। ਬਿਜਲੀ ਡਿੱਗੀ ਤੇ ਦੋਹਾਂ ਨੂੰ ਲੈ ਲਿਆ। ਦਰੱਖਤ ਹੇਠ ਉਸ ਦੀ ਲੋਥ ਮਿਲੀ.. ਮੈਂ ਉਸ ਦੀ ਮੂੰਗੀਆ ਪੱਗ ਤੇ ਮਖ਼ਮਲੀ ਵਾਸਕਟ ਚੁਕ ਲਿਆਈ ਤੇ ਪਟਾਰ ਵਿਚ ਸਾਂਭ ਕੇ ਰੱਖ ਦਿਤੀ। ਉਸ ਦੀ ਪੱਗ ਵਿਚੋਂ ਕੱਚੀ ਕੱਚੀ ਬਾਸ ਆਉਂਦੀ ਸੀ, ਸੱਜਰੇ ਮਾਵੇ ਦੀ। ਜੀ ਕੀਤਾ ਉਸ ਸੌਂਕਣ ਦਾ ਬੁੱਕੀਂ ਲਹੂ ਪੀਵਾਂ। (ਰੋਂਦੀ ਹੈ) ਉਹ ਹਾਲੇ ਮਰੀ ਨਹੀਂ, ਮੁੜ ਤਾਰੋ ਵਿਚ ਜੀ ਉੱਠੀ ਐ — ਮੈਨੂੰ ਤਪਾਉਣ ਲਈ, ਮੈਥੋਂ ਬਦਲੇ ਲੈਣ ਲਈ। ਮੇਰੇ ਉਤੇ ਰੱਬ ਦਾ ਕਹਿਰ ਨਹੀਂ, ਸੁਹਣੀ ਤੀਵੀਂ ਡਿਗਦੀ ਐ ਬਿਜਲੀ ਬਣ ਕੇ। ਮੇਰੀ ਹਿੱਕ ਅੰਦਰ ਤੇਰਾ ਬਾਪੂ ਹਾਲੇ ਵੀ ਸੁੱਤਾ ਪਿਐ। (ਉਸ ਦਾ ਸਿਰ ਚੁੰਮਦੀ ਹੈ) ਤੇਰੀ ਪੱਗ ਵਿਚੋਂ ਸੱਜਰੇ ਮਾਵੇ ਦੀ ਬਾਸ ਆਉਂਦੀ ਐ ਤੇ ਤੇਰੀਆਂ ਅੱਖਾਂ ਵਿਚ ਵੀ ਉਹੀ ਚਮਕ ਐ। ਵੇ ਪੁੱਤ, ਮੈਨੂੰ ਛੱਡ ਕੇ ਨਾ ਜਾਈਂ।

ਬਚਨਾ : (ਪੰਘਰ ਕੇ) ਮੈਂ ਤੈਨੂੰ ਛੱਡ ਕੇ ਨਹੀਂ ਜਾਵਾਂਗਾ, ਮਾਂ।

(ਪਟਕਾ ਖੋਲ੍ਹ ਦੇਂਦਾ ਹੈ। ਮਾਂ ਪਟਕੇ ਨੂੰ ਤਹਿ ਕਰਕੇ ਬਚਨੇ ਦੇ ਮੱਥੇ ਨੂੰ ਚੁੰਮਦੀ ਹੈ।

ਤਾਰੋ ਵਿਆਹ ਵਾਲੇ ਕਪੜਿਆਂ ਵਿਚ ਦੌੜਦੀ ਹੋਈ ਆਉਂਦੀ ਹੈ।)

ਤਾਰੋ : ਸ਼ੁਕਰ ਐ ਤੂੰ ਮਿਲ ਗਿਐਂ। ਦੌੜ ਕੇ ਆਈ ਆਂ। ਇਉਂ ਲਗਦਾ ਸੀ ਜਿਵੇਂ ਹਰ ਚੀਜ਼ ਮੇਰਾ ਪਿੱਛਾ ਕਰ ਰਹੀ ਹੋਵੇ - ਘੋੜੇ, ਛਵੀਆਂ, ਟੱਲੀਆਂ, ਪਰਛਾਵੇਂ। ਜੇ ਮੈਂ ਨਾ ਦੌੜਦੀ ਤਾਂ ਫੜ ਕੇ ਲੈ ਜਾਂਦੇ।

ਬਚਨਾ : ਕੌਣ ?

ਤਾਰੋ : ਮੱਘਰ ਦੇ ਆਦਮੀ। ਮਾਮੇ ਨੇ ਮੈਨੂੰ ਵੇਚ ਦਿਤੈ। ਮੇਰਾ ਵਿਆਹ ਕਰ ਦਿਤੈ।

ਬਚਨਾ : ਵਿਆਹ ?

ਤਾਰੋ : ਹਾਂ। ਅਜੀਬ ਵਿਆਹੀ ਦੀ ਵਿਆਹੀ ਤੇ ਕੁਆਰੀ ਦੀ ਕੁਆਰੀ। ਮੇਰਾ ਮਾਮਾ ਬੈਠਾ ਮੱਘਰ ਦੇ ਰੁਪਈਆਂ ਦੀ ਦਾਰੂ ਪੀ ਰਿਹੈ। ਹੁਣੇ ਉਹ ਆ ਜਾਣਗੇ ਤੇ ਮੈਨੂੰ ਫੜ ਲੈਣਗੇ। ਚੱਲ, ਨੱਸ ਚਲੀਏ। ਉਹਨਾਂ ਦੇ ਘੋੜੇ ਏਧਰ ਆ ਰਹੇ ਨੇ। ਨਾਲ ਛਵੀਆਂ ਵਾਲੇ ਦੋ ਆਦਮੀ। ਦੇਰ ਨਾ ਕਰ। ਛੇਤੀ।

ਨਿਹਾਲੀ : ਨਾ ਜਾਈਂ ਵੇ ਪੁੱਤਾ, ਨਾ ਜਾਈਂ! ਪਾਸੇ ਹਟ ਜਾ ਕਮਜਾਤੇ। ਛੱਡ ਦੇ ਮੇਰੇ ਪੁੱਤ ਨੂੰ!

(ਬਚਨੇ ਨੂੰ ਫੜ ਲੈਂਦੀ ਹੈ।)

ਬਚਨਾ : ਛੱਡ ਦੇ ਮੈਨੂੰ! ਵੇਲਾ ਆ ਗਿਐ ਵਚਨ ਪੂਰਾ ਕਰਨ ਦਾ। (ਤਾਰੋ ਨੂੰ) ਮੈਂ ਤਿਆਰ ਆਂ। ਚੰਦ ਦਰੱਖ਼ਤਾਂ ਉਹਲਿਉਂ ਉੱਠ ਰਿਹੈ, ਪੁੰਨਿਆ ਦਾ ਗੋਲ ਸੂਹਾ ਚੰਦ। ਆਕਾਸ਼ ਦੇ ਮੱਥੇ ਉਤੇ ਕਿਸੇ ਨੇ ਸੁਹਾਗ ਦਾ ਟਿੱਕਾ ਲਾ ਦਿਤੈ। ਤੇਰੀ ਮਾਂਗ ਵਿਚ ਇਸੇ ਨੇ ਸੰਧੂਰ ਭਰ ਦਿਤੈ। ਚੱਲ।

ਨਿਹਾਲੀ : ਕਿਵੇਂ ਚਲਿਆ ਜਾਏਂਗਾ ? ਮੈਂ ਨਹੀਂ ਤੈਨੂੰ ਜਾਣ ਦੇਣਾ ਇਸ ਚੁੜੇਲ ਨਾਲ!

ਬਚਨਾ : ਛੱਡ ਦੇ ਮੈਨੂੰ, ਮਾਂ! ਹਟ ਜਾ ਇਕ ਪਾਸੇ!

(ਉਸ ਨੂੰ ਧੱਕਾ ਦੇ ਕੇ ਪਰ੍ਹਾ ਸੁਟ ਦੇਂਦਾ ਹੈ, ਤੇ ਤਾਰੋ ਨੂੰ ਲੈ ਕੇ ਜਾਂਦਾ ਹੈ।)

ਨਿਹਾਲੀ : (ਧਰਤੀ ਪਿੱਟਦੀ ਹੋਈ) ਮੇਰਿਆ ਵੈਰੀਆ! ਪਿਉ ਵਰਗਿਆ! ਉਸੇ ਦਾ ਲਹੂ ਬੋਲਦੈ ਤੇਰੇ ਵਿਚ! ਇਸ ਚੁੜੇਲ ਦਾ ਮੈਂ ਗਲ ਘੁੱਟ ਦਿਆਂ ਤੇ ਸਾਹ ਪੀ ਜਾਵਾਂ! ਰੱਬ ਕਰੇ ਥੋਨੂ ਕਿਤੇ ਥਾਂ ਨਾ ਮਿਲੇ!

(ਬਾਹਰੋਂ ਰੌਲਾ ਸੁਣਾਈ ਦੇਂਦਾ ਹੈ। ਮੱਘਰ ਤੇ ਤਾਬਾਂ ਦਾਖ਼ਿਲ ਹੁੰਦੇ ਹਨ ਤੇ ਉਹਨਾਂ ਦੇ ਪਿੱਛੇ ਛੱਵੀਆਂ ਚੁੱਕੀ ਸ਼ੇਰਾ ਤੇ ਕਿਰਪਾ।)

ਮੱਘਰ : ਇਸ ਕੋਲ ਆਈ ਸੈਂ ਨੱਸ ਕੇ ? ਮੈਨੂੰ ਪਤਾ ਸੀ।

ਤਾਬਾਂ : ਕੁੜੀਏ, ਤੇਰੇ ਮਾਮੇ ਨੇ ਤੈਨੂੰ ਹਰ ਥਾਂ ਟੋਲਿਆ। ਕੋਠੇ ਅੰਦਰ, ਛੱਤ ਉਤੇ, ਗਲੀ ਵਿਚ। ਵਿਚਾਰਾ ਵਿਹੜੇ ਵਿਚ ਡਿੱਗਿਆ ਪਿਐ। ਘਰ ਚੱਲ।

ਮੱਘਰ : ਮੇਰੇ ਨਾਲ ਚੱਲ ਤਾਰੋ ਬਾਹਰਲੀ ਹਵੇਲੀ ਵਿਚ ਤੇਰਾ ਰਾਜ ਐ।

ਤਾਰੋ : ਹਟ, ਮੈਨੂੰ ਹੱਥ ਨਾ ਲਾ!

ਤਾਬਾਂ : ਆਪਣੇ ਘਰ ਵਾਲੇ ਨਾਲ ਇਸ ਤਰ੍ਹਾਂ ਗੱਲ ਕਰਦਿਆਂ ਤੈਨੂੰ ਸ਼ਰਮ ਨਹੀ ਆਉਂਦੀ ? ਜਾਹ ਆਪਣੇ ਘਰ। (ਮੱਘਰ ਉਸ ਨੂੰ ਬਾਂਹ ਤੋਂ ਫੜਦਾ ਹੈ।)

ਬਚਨਾ : ਖ਼ਬਰਦਾਰ, ਜੇ ਇਸ ਨੂੰ ਹੱਥ ਲਾਇਆ!

ਮੱਘਰ : ਤੂੰ ਕੌਣ ਹੁੰਦੈਂ ਵਿਚ ਬੋਲਣ ਵਾਲਾ ? ਆਪਣੀ ਤੀਵੀਂ ਨਾਲ ਗੱਲ ਕਰ ਰਿਹਾ ਆਂ। ਚੱਲ ਤਾਰੋ। ਇਸ ਬਦਮਾਸ਼ ਨੂੰ ਫੇਰ ਸਿੱਧਾ ਕਰਾਂਗਾ। ਸ਼ੇਰਾ ਤੇ ਕਿਰਪਾ ਇਸ ਨੂੰ ਸਿੱਧਾ ਕਰਨਗੇ।

ਬਚਨਾ : ਹਾਂ, ਸ਼ੇਰਾ ਤੇ ਕਿਰਪਾ। ਜੇ ਹੈ ਦਮ ਤਾਂ ਕਿਉਂ ਨਹੀਂ ਆ ਜਾਂਦਾ ਸਿੱਧਾ ਮੇਰੇ ਨਾਲ ?

ਮੱਘਰ : ਕਮੀਨਿਆਂ! ਕੁੜੀ ਨੂੰ ਨਸਾ ਕੇ —

(ਉਹ ਹੱਥੋਪਾਈ ਹੋ ਜਾਂਦੇ ਹਨ।)

ਤਾਬਾਂ : ਵੇ, ਕਿਉਂ ਲੜਦੇ ਓ ?

ਬਚਨਾ : ਇਕ ਪਾਸੇ ਹਟ ਜਾ ਚੁੜੇਲੇ! ਅੱਜ ਫ਼ੈਸਲਾ ਹੋ ਹੀ ਲੈਣ ਦੇ!

ਮੱਘਰ : ਗੀਡਿਆ!

ਬਚਨਾ : ਤੀਵੀਂ ਦੇ ਪੈਸਿਆਂ ਉਤੇ—

ਮੱਘਰ : ਮਾਰ ਕੇ ਧਰਤੀ ਵਿਚ ਗੱਡ ਦਿਆਂਗੇ —

(ਉਹ ਦੋਵੇਂ ਲੜਦੇ ਹੋਏ ਬਾਹਰ ਚਲੇ ਜਾਂਦੇ ਹਨ। ਸ਼ੇਰਾ ਤੇ ਕਿਰਪਾ ਛਵ੍ਹੀਆਂ ਫੜੀ ਪਿੱਛੇ ਪਿੱਛੇ। ਬਾਹਰੋਂ ਬਚਨੇ ਤੇ ਮੱਘਰ ਦੀ ਲੜਾਈ ਦੀਆਂ ਆਵਾਜ਼ਾਂ।)

ਨਿਹਾਲੀ : ਹਾਏ! ਮੇਰਾ ਪੁੱਤ ਕੋਹ ਸੁੱਟਿਆ। ਮੱਘਰ ਦੇ ਨਾਲ ਉਸ ਦੇ ਦੋ ਬੁਰਛੇ ਵੀ ਨੇ। ਛੁੜਾਉ ਵੇ ਲੋਕੋ! ਰੱਬ ਸੁੱਖ ਰੱਖੇ! ਰੱਬ ਸੁੱਖ ਰੱਖੇ! (ਤਾਰੋ ਵੱਲ ਦੇਖ ਕੇ) ਇਹ ਕਾਰਾ ਤੇਰੇ ਕਰਕੇ ਹੋਇਐ, ਰੰਡੀਏ! ਦਫ਼ਾ ਹੋ ਏਥੋਂ!

ਤਾਰੋ : ਕਿਥੇ ਜਾਵਾਂ ?

ਨਿਹਾਲੀ : ਢੱਠੇ ਖੂਹ ਵਿਚ ਜਾਹ ਮੇਰੇ ਵਲੋਂ! ਦੂਰ ਹੋ ਜਾ ਮੇਰੀਆਂ ਅੱਖਾਂ ਤੋਂ! ਹਾਏ, ਮੇਰਾ ਪੁੱਤ!

(ਉਹ ਬਾਹਰ ਨੂੰ ਦੌੜਦੀ ਹੈ। ਤਾਬਾਂ ਉਸ ਦੇ ਪਿੱਛੇ ਪਿੱਛੇ ਜਾਂਦੀ ਹੈ। ਤਾਰੋ ਸੁੰਨ ਹੋਈ ਖੜੀ ਹੈ।)

ਤਾਰੋ : ਮੈਂ ਜਾਵਾਂ। ਪਰ ਕਿਥੇ ? ਮੇਰਾ ਸਾਹ ਘੁਟ ਰਿਹੈ ਬੂਹੇ ਬੰਦ ਨੇ। ਮੈਂ ਹਨੇਰੇ ਖੂਹ ਦੇ ਲਾਗੇ ਜੰਮੀ, ਤੇ ਹਨੇਰੇ ਵਿਚ ਹੀ ਪਲੀ। ਰੌਸ਼ਨੀ ਦੀ ਇਕ ਕਿਰਨ ਮੈਂ ਦੇਖੀ। ਪਿਆਰ ਦੀ ਇਕ ਚਿਣਗ। ਪਰ ਹੁਣ ਕੁਝ ਨਹੀਂ।

(ਉਹ ਬੁੱਤ ਬਣੀ ਹੌਲੀ ਹੌਲੀ ਤੁਰਦੀ ਹੈ। ਬਾਹਰੋਂ ਨਿਹਾਲੀ ਦੀ ਚੀਖ ਸੁਣਾਈ ਦੇਂਦੀ ਹੈ। ਤਾਰੋ ਇਕਦਮ ਰੁਕਦੀ ਹੈ। ਅੰਤਮ ਭਾਣੇ ਨੂੰ ਭਾਂਪ ਕੇ ਉਹ ਕਿਸੇ ਦ੍ਰਿੜ੍ਹ ਫ਼ੈਸਲੇ ਉਤੇ ਪੁਜਦੀ ਹੈ ਤੇ ਤੇਜ਼ੀ ਨਾਲ ਦੂਜੇ ਪਾਸੇ ਬਾਹਰ ਦੌੜ ਜਾਂਦੀ ਹੈ!

ਸੰਨਾਟਾ।

ਨਿਹਾਲੀ ਦਾਖ਼ਿਲ ਹੁੰਦੀ ਹੈ। ਉਸ ਨੇ ਦੋਹਾਂ ਹੱਥਾ ਵਿਚ ਮੂੰਗੀਆ ਪੱਗ ਸਾਂਭੀ ਹੋਈ ਹੈ।)

ਨਿਹਾਲੀ : ਉਹਨਾਂ ਉਸ ਨੂੰ ਮਾਰ ਦਿਤਾ। ਨੀਲੀ ਰਾਤ ਵਿਚ ਉਹਨਾਂ ਦੀਆਂ ਛਵ੍ਹੀਆਂ ਚਮਕੀਆਂ। ਉਸ ਦੀ ਛਾਤੀ ਵਿਚੋਂ ਲਹੂ ਦੀਆਂ ਧਾਰਾਂ ਫੁਟ ਵਗੀਆਂ। ਚਾਨਣੀ ਵਿਚ ਉਸ ਦਾ ਲਹੂ ਸਾਵਾ ਸਾਵਾ ਲਗਦਾ ਸੀ। ਉਸ ਦੀ ਪੱਗ ਦਾ ਲੜ ਗਰਮ ਲਹੂ ਵਿਚ ਭਿੱਜ ਗਿਆ ਸੀ। ਹਾਏ! ਅੱਜ ਮੇਲਾ ਮੁੱਕ ਗਿਆ। ਹੋਰਨਾਂ ਦੇ ਆਦਮੀ ਪੀਣਗੇ ਤੇ ਲੜਨਗੇ। ਦੂਜੀਆਂ ਮਾਵਾਂ ਦੇ ਪੁੱਤ ਮੇਲੇ ਵਿਚ ਜਾਣਗੇ, ਤੇ ਕੁੜੀਆਂ ਮਗਰ ਨੱਸਣਗੇ। ਮੇਲੇ ਨੇ ਮੇਰੇ ਘਰੋਂ ਬਲੀ ਲੈ ਲਈ।

(ਉਹ ਵਿਹੜੇ ਵਿਚ ਨੀਵੀਂ ਪਾ ਕੇ ਬੈਠ ਜਾਂਦੀ ਹੈ, ਆਪਣੇ ਪੁੱਤ ਦੀ ਮੂੰਗੀਆ ਪੱਗ ਗੋਦੀ ਵਿਚ ਲਈ। ਮਾੜੂ ਨਸ਼ੇ ਵਿਚ ਗੁੱਟ ਦਾਖ਼ਿਲ ਹੁੰਦਾ ਹੈ। ਉਸ ਦੇ ਹੱਥ ਵਿਚ ਖਾਲੀ ਬੋਤਲ ਹੈ।;)